



ਰੋਜ਼ਾਨਾ
# ਲੋਕ ਬਾਣੀ
ਸੱਚ ਤੇ ਨਿਡਰ ਆਵਾਜ਼






Email : Lokbani08@gmail.com ਐਤਵਾਰ, 23 ਅਪ੍ਰੈਲ 2023 ਮੁੱਖ ਸੰਪਾਦਕ:-ਅਮਨ ਮਹਿਰਾ ਜਲੰਧਰ

RNI .PUNPUN/29016/2008 | ਸਾਲ 15 | ਅੰਕ 110 | ਮੁੱਲ 5ਰੁਪਏ | ਕੁੱਲ ਪੇਜ਼ 10 | ਫੈਕਸ: 0181-2211009,99155-94111


## ਅਮਰੀਕਾ ਦੇਵੇਗਾ ਭਾਰਤੀਆਂ ਨੂੰ ਜਲਦ
# ਹਜਾਰਾਂ ਵੀਜ਼ੇ

**ਵਾਸ਼ਿੰਗਟਨ (ਲੋਕ ਬਾਣੀ)** ਅਮਰੀਕਾ ਇਸ ਸਾਲ ਭਾਰਤੀਆਂ ਨੂੰ 10 ਲੱਖ ਤੋਂ ਵੱਧ ਵੀਜ਼ੇ ਜਾਰੀ ਕਰਨ ਵੱਲ ਵਧ ਰਿਹਾ ਹੈ। ਰਾਸ਼ਟਰਪਤੀ ਜੋਅ ਬਾਇਡਨ ਪ੍ਰਸ਼ਾਸਨ ਵਿਚ ਦੱਖਣੀ ਏਸ਼ੀਆ ਲਈ ਸੀਨੀਅਰ ਅਧਿਕਾਰੀ ਨੇ ਇਹ ਜਾਣਕਾਰੀ ਦਿੱਤੀ। ਉਸ ਨੇ ਭਰੋਸਾ ਦਿਵਾਇਆ




ਕਿ ਬਾਇਡਨ ਪ੍ਰਸ਼ਾਸਨ ਪ੍ਰਕਿਰਿਆ ਨੂੰ ਪੂਰਾ ਕਰੇਗਾ, ਜਿਨ੍ਹਾਂ ਦਾ ਸੈਸ਼ਨ ਇਸ ਗਰਮੀ ਵਿੱਚ ਉਨ੍ਹਾਂ ਸਾਰੇ ਭਾਰਤੀਆਂ ਲਈ ਸਤੰਬਰ ਵਿੱਚ ਸ਼ੁਰੂ ਹੋਣ ਵਿਦਿਆਰਥੀ ਵੀਜ਼ਾ ਵਾਲੇ ਹਨ।

## ਭਾਰਤ ਪਾਕਿਸਤਾਨ ਸਰਹੱਦ ਤੋ ਮਿਲੀ ਕਰੋੜਾਂ ਦੀ ਹੈਰੋਇਨ



**ਅਮ੍ਰਿਤਸਰ (ਵਿਰਦੀ)** ਭਾਰਤ-ਪਾਕਿਸਤਾਨ ਸਰਹੱਦ 'ਤੇ ਤਾਇਨਾਤ ਸੀਮਾ ਸੁਰੱਖਿਆ ਬਲ ਦੀ 144ਵੀਂ ਬਟਾਲੀਅਨ ਦੇ ਜਵਾਨਾਂ ਵੱਲੋਂ ਅੰਮ੍ਰਿਤਸਰ ਸੈਕਟਰ ਦੀ ਸਰਹੱਦੀ ਚੌਕੀ ਦਾਉਕੇ ਨੇੜਿਓਂ ਅੱਜ 5 ਕਿਲੋਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ ਹੈ। ਸੀਮਾ ਸੁਰੱਖਿਆ ਬਲ ਦੀ 144ਵੀਂ ਬਟਾਲੀਅਨ ਦੇ ਜਵਾਨਾਂ ਵੱਲੋਂ ਅੱਜ ਕੰਡਿਆਲੀ ਤਾਰ ਨਾਲ ਤਲਾਸ਼ੀ ਮੁਹਿੰਮ ਚਲਾਈ ਜਾ ਰਹੀ ਸੀ ਤਾਂ ਕਣਕ ਦੇ ਖੇਤ ਵਿੱਚੋਂ ਪੀਲੇ ਰੰਗ ਦਾ ਬੈਗ ਮਿਲਿਆ, ਜਿਸ ਦੀ ਜਾਂਚ ਕਰਨ ਉਪਰੰਤ ਉਸ ਵਿੱਚੋਂ ਪੰਜ ਪੈਕਟ ਮਿਲੇ ਜਿਨ੍ਹਾਂ ਉਪਰ ਪੀਲੀ ਟੇਪ ਲਪੇਟੀ ਹੋਈ ਸੀ।

## ਮਮਤਾ ਨੇ ਕਿਹਾ ਉਹ ਬੰਗਾਲ ਵਿਚ ਸ਼ਾਂਤੀ ਚਾਹੁੰਦੇ ਹਨ ਦੰਗੇ ਨਹੀਂ

**ਦਿੱਲੀ (ਕਪੂਰ)** ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਈਦ ਦੀ ਨਮਾਜ਼ ਲਈ ਇਕੱਠੇ ਹੋਏ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਦੇਸ਼ ਨੂੰ ਵੰਡਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਦੌਰਾਨ ਮਮਤਾ ਬੈਨਰਜੀ ਨੇ ਬਿਨਾਂ ਨਾਮ ਲਏ ਭਾਜਪਾ 'ਤੇ ਨਿਸ਼ਾਨਾ ਸਾਧਿਆ। ਮਮਤਾ ਬੈਨਰਜੀ ਨੇ ਆਪਣੇ ਸੰਬੋਧਨ ਵਿਚ ਅੱਗੇ ਕਿਹਾ ਕਿ ਅਸੀਂ ਬੰਗਾਲ ਵਿਚ ਸ਼ਾਂਤੀ ਚਾਹੁੰਦੇ ਹਾਂ, ਦੰਗੇ ਨਹੀਂ। ਅਸੀਂ ਨਹੀਂ ਚਾਹੁੰਦੇ ਕਿ ਦੇਸ਼ ਦੀ ਵੰਡ ਹੋਵੇ, ਜੋ ਦੇਸ਼ ਦੀ ਵੰਡ ਚਾਹੁੰਦੇ ਹਨ, ਮੈਂ ਉਨ੍ਹਾਂ ਨੂੰ ਈਦ ਦੇ ਮੌਕੇ 'ਤੇ ਵਾਅਦਾ ਕਰਨਾ ਚਾਹੁੰਦੀ ਹਾਂ ਕਿ ਮੈਂ ਆਪਣੀ ਜਾਨ ਦੇਣ ਲਈ ਤਿਆਰ ਹਾਂ ਪਰ ਦੇਸ਼ ਨੂੰ ਵੰਡਣ ਨਹੀਂ ਦੇਵਾਂਗੀ।



## ਸ਼ਰਧਾਲੂਆਂ ਨਾਲ ਭਰੀ ਬੱਸ ਦਰਖਤ ਨਾਲ ਟਕਰਾਈ

**ਹੁਸ਼ਿਆਰਪੁਰ (ਲੋਕ ਬਾਣੀ)** ਅੱਜ ਜਲੰਧਰ-ਪਠਾਨਕੋਟ ਮਾਰਗ 'ਤੇ ਨਿੱਜੀ ਬੱਸ ਦੇ ਦਰੱਖਤ ਨਾਲ ਟਕਰਾਣ ਕਾਰਨ 13 ਯਾਤਰੀ ਜ਼ਖ਼ਮੀ ਹੋ ਗਏ। ਬੱਸ ਦਿੱਲੀ ਤੋਂ ਜੰਮੂ-ਕਸ਼ਮੀਰ ਦੇ ਕਟੜਾ ਜਾ ਰਹੀ ਸੀ ਅਤੇ ਇਸ ਵਿੱਚ 50 ਦੇ ਕਰੀਬ ਸਵਾਰੀਆਂ ਸਨ। ਬੱਸ ਜਦੋਂ ਪਿੰਡ ਆਇਮਾ ਮਾਂਗਟ ਨੇੜੇ ਪੁੱਜੀ ਤਾਂ ਡਰਾਈਵਰ ਦਾ ਵਾਹਨ 'ਤੇ ਕਾਬੂ ਨਾ ਹੋਣ ਕਾਰਨ ਬੱਸ ਸੜਕ ਕਿਨਾਰੇ ਦਰੱਖਤ ਨਾਲ ਜਾ ਟਕਰਾਈ। ਪੁਲੀਸ ਨੇ ਦੱਸਿਆ ਕਿ ਜ਼ਖ਼ਮੀਆਂ ਨੂੰ ਮੁਕੇਰੀਆਂ ਅਤੇ ਦਸੂਹਾ ਦੇ ਸਿਵਲ ਹਸਪਤਾਲਾਂ ਵਿੱਚ ਦਾਖ਼ਲ ਕਰਵਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਸਾਰੇ ਜ਼ਖ਼ਮੀ ਯਾਤਰੀਆਂ ਨੂੰ ਮੁੱਢਲੀ ਸਹਾਇਤਾ ਤੋਂ ਬਾਅਦ ਛੁੱਟੀ ਦੇ ਦਿੱਤੀ ਗਈ ਹੈ।

## ਪੰਜਾਬ ਚ ਮੀਂਹ ਪੈਣ ਕਾਰਨ ਮੌਸਮ ਹੋਇਆ ਸੁਹਾਵਣਾ

**ਜਲੰਧਰ (ਰਾਕੇਸ਼ ਵਰਮਾ)** ਬੀਤੇ ਕੁਝ ਦਿਨਾਂ ਤੋਂ ਮੌਸਮ ਵਿੱਚ ਬਦਲਾਅ ਦੇਖਿਆ ਜਾ ਰਿਹਾ ਹੈ। ਜਿਥੇ ਪਹਿਲਾਂ ਗਰਮੀ ਕਾਰਨ ਲੋਕ ਪਰੇਸ਼ਾਨ ਹੋ ਰਹੇ ਸਨ ਉਥੇ ਹੀ ਮੀਂਹ ਪੈਣ ਦੇ ਕਾਰਨ ਆਮ ਲੋਕਾਂ ਨੇ ਗਰਮੀ ਤੋਂ ਰਾਹਤ ਮਹਿਸੂਸ ਕੀਤੀ ਹੈ। ਮੌਸਮ ਵਿਭਾਗ ਦੇ ਮੁਤਾਬਕ ਬੀਤੇ 24 ਘੰਟਿਆਂ ਦੌਰਾਨ ਪੰਜਾਬ ਵਿੱਚ ਤਾਪਮਾਨ ਵਿੱਚ ਕੁਝ ਵਾਧਾ ਦਰਜ ਕੀਤਾ ਗਿਆ ਹੈ। ਪੰਜਾਬ ਦੇ ਫਰੀਦਕੋਟ ਜ਼ਿਲ੍ਹੇ ਦਾ ਤਾਪਮਾਨ 35.5 ਡਿਗਰੀ ਸੈਲਸੀਅਸ ਰਿਕਾਰਡ ਕੀਤਾ ਗਿਆ ਹੈ। ਜੇ ਗੱਲ ਚੰਡੀਗੜ੍ਹ ਦੀ ਕੀਤੀ ਜਾਵੇ ਤਾਂ ਇੱਥੇ 33.4 ਡਿਗਰੀ ਸੈਲਸੀਅਸ ਤਾਪਮਾਨ ਰਿਕਾਰਡ ਕੀਤਾ ਗਿਆ ਹੈ।

## ਐਸਜੀਪੀਸੀ ਰਾਜਪਾਲ ਨੂੰ ਬੰਦੀ ਸਿੰਘਾਂ ਦੀ ਰਿਹਾਈ ਮਾਮਲੇ ਦੇ ਭਰੇ ਫਾਰਮ ਸੌਂਪੇਗਾ : ਧਾਮੀ

**ਅਮ੍ਰਿਤਸਰ (ਵਿਰਦੀ)** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਸੰਗਤਾਂ ਪਾਸੋਂ ਭਰਵਾਏ ਗਏ ਕਰੀਬ 25 ਲੱਖ ਪ੍ਰੋਫਾਰਮੇ ਰਾਸ਼ਟਰਪਤੀ ਦੇ ਨਾਮ ਰਾਜਪਾਲ ਪੰਜਾਬ ਨੂੰ 27 ਅਪ੍ਰੈਲ ਨੂੰ ਸੌਂਪੇ ਜਾਣਗੇ। ਪ੍ਰਾਪਤ ਵੇਰਵਿਆਂ ਅਨੁਸਾਰ ਇਸ ਸੰਬੰਧੀ ਸ਼੍ਰੋਮਣੀ ਕਮੇਟੀ ਵਲੋਂ 27 ਅਪ੍ਰੈਲ ਨੂੰ ਸਵੇਰੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਅਰਦਾਸ ਕਰਨ ਉਪਰੰਤ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿਚ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰ ਚੰਡੀਗੜ੍ਹ ਜਾ ਕੇ ਰਾਜਪਾਲ ਪੰਜਾਬ ਨੂੰ ਪ੍ਰੋਫਾਰਮੇ ਸੌਂਪਣਗੇ।




JSDC GROUP
ਜਲੰਧਰ ਸਕਿਲ ਡਿਵੈਲਪਮੈਂਟ ਕਾਰਪੋਰੇਸ਼ਨ
178, ਪੁਲਿਸ ਲਾਈਨ ਰੋਡ, ਰਣਜੀਤ ਨਗਰ, ਜਲੰਧਰ - ਇੰਡੋ ਕੈਨੇਡੀਅਨ ਬੱਸ ਦਫਤਰ ਦੇ ਨੇੜੇ
82880 21797
82880 21798
ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਤੋਂ ਮਾਨਤਾ ਪ੍ਰਾਪਤ ਭਰਤੀ ਏਜੰਸੀ | ਲਾਇਸੰਸ ਨੰ: B-1303/PUN/PER/1000+/5/9437/2018
WWW.JSDCGROUP.COM
ਦੁਬਈ, ਕੁਵੈਤ ਅਤੇ ਯੂਰਪ ਦੇ ਦੇਸ਼ਾਂ ਵਿੱਚ ਵਰਕ ਪਰਮਿਟ ਦੀ ਜਾਣਕਾਰੀ ਲਈ ਅੱਗੇ ਦਿੱਤੇ ਨੰਬਰਾਂ 'ਤੇ ਕਾਲ ਕਰੋ ਜਾਂ ਸਾਡੇ ਫੇਸਬੁੱਕ, ਇੰਸਟਾਗ੍ਰਾਮ, ਲਿੰਕਡਇਨ, ਯੂਟਿਊਬ ਅਤੇ ਟਵਿੱਟਰ ਅਕਾਊਂਟਸ ਨੂੰ ਫਾਲੋ ਕਰੋ
JSDC GROUP - INDIA



ਪੱਤਰਕਾਰਾਂ ਲਈ ਸੁਨਹਿਰਾ ਮੌਕਾ
ਪੰਜਾਬ ਦੇ ਹਰ ਜਿਲੇ ਤੋਂ ਰੋਜਾਨਾ ਲੋਕ ਬਾਣੀ ਅਖਬਾਰ ਲਈ ਪੱਤਰਕਾਰਾਂ ਦੀ ਲੋੜ ਹੈ। ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫ਼ਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਂਕ ਜਲੰਧਰ 99155-94111

# ਸ਼ਿਵ ਬਟਾਲਵੀ ਦੀ 50ਵੀਂ ਬਰਸੀ ਨੂੰ ਸਮਰਪਿਤ 6 ਮਈ ਨੂੰ ਸ਼ਿਵ ਆਡੀਟੋਰੀਅਮ ਵਿਖੇ ਕਰਵਾਏ ਜਾਣਗੇ ਵਿਸ਼ੇਸ਼ ਸਮਾਗਮ : ਡਿਪਟੀ ਕਮਿਸ਼ਨਰ

## ਕਵੀ ਦਰਬਾਰ, ਸ਼ਿਵ ਦੀ ਗਾਇਕੀ ਅਤੇ ਕਾਵਿ-ਨਾਟ ਲੂਣਾ ਦਾ ਹੋਵੇਗਾ ਮੰਚਨ

**ਗੁਰਦਾਸਪੁਰ/ਨਵਨੀਤ ਕੁਮਾਰ**

ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਵੱਲੋਂ ਪੰਜਾਬੀ ਮਾਂ ਬੋਲੀ ਦੇ ਲਾਡਲੇ ਸ਼ਾਇਰ ਅਤੇ ਬਿਰਹਾ ਦੇ ਸੁਲਤਾਨ ਸ਼ਿਵ ਕੁਮਾਰ ਬਟਾਲਵੀ ਦੀ 50ਵੀਂ ਬਰਸੀ ਪੂਰੇ ਸ਼ਰਧਾ-ਭਾਵਨਾ ਨਾਲ ਮਨਾਈ ਜਾਵੇਗੀ। ਬਰਸੀ ਸਮਾਗਮ ਦੀਆਂ ਤਿਆਰੀਆਂ ਸਬੰਧੀ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਅੱਜ ਆਪਣੇ ਦਫ਼ਤਰ ਵਿਖੇ ਅਧਿਕਾਰੀਆਂ ਅਤੇ ਸ਼ਿਵ ਬਟਾਲਵੀ ਕਲਾ ਤੇ ਸੱਭਿਆਚਾਰਕ ਸੁਸਾਇਟੀ ਬਟਾਲਾ ਅਤੇ ਜ਼ਿਲ੍ਹਾ ਹੈਰੀਟੇਜ ਸੁਸਾਇਟੀ ਦੇ ਨੁਮਾਇੰਦਿਆਂ ਨਾਲ ਮੀਟਿੰਗ ਕੀਤੀ ਗਈ। ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸ਼ਿਵ ਬਟਾਲਵੀ ਦੀ 50ਵੀਂ ਬਰਸੀ ਮੌਕੇ 6 ਮਈ ਨੂੰ ਸ਼ਿਵ ਕੁਮਾਰ ਬਟਾਲਵੀ ਕਲਾ ਤੇ ਸੱਭਿਆਚਾਰਕ ਕੇਂਦਰ ਬਟਾਲਾ ਵਿਖੇ ਵਿਸ਼ੇਸ਼ ਸਮਾਗਮ ਕਰਵਾਏ ਜਾਣਗੇ ਜੋ ਕਿ ਦੋ ਹਿੱਸਿਆਂ ਵਿੱਚ ਹੋਣਗੇ। ਉਨ੍ਹਾਂ ਕਿਹਾ ਕਿ 6 ਮਈ ਨੂੰ ਸਵੇਰੇ 10:00 ਵਜੇ ਤੋਂ ਦੁਪਹਿਰ 12:00 ਵਜੇ ਤੱਕ ਪਹਿਲਾ ਸੈਸ਼ਨ ਹੋਵੇਗਾ ਜਿਸ ਵਿੱਚ ਸਕੂਲ/ਕਾਲਜ ਦੇ ਵਿਦਿਆਰਥੀਆਂ ਦੇ ਕਵਿਤਾ



ਉਚਾਰਨ ਮੁਕਾਬਲੇ ਕਰਵਾਏ ਜਾਣਗੇ। ਇਸ ਤੋਂ ਬਾਅਦ ਸ਼ਾਮ 5:00 ਵਜੇ ਤੋਂ 8:00 ਵਜੇ ਤੱਕ ਵਿਸ਼ੇਸ਼ ਸਮਾਗਮ ਹੋਵੇਗਾ ਜਿਸ ਵਿੱਚ ਸਭ ਤੋਂ ਪਹਿਲਾਂ ਸ਼ਿਵ ਬਟਾਲਵੀ ਦੀ ਗਾਇਕੀ, ਫਿਰ ਪੰਜਾਬੀ ਜ਼ੁਬਾਨ ਦੇ ਉੱਘੇ ਕਵੀਆਂ ਦਾ ਕਵੀ ਦਰਬਾਰ ਅਤੇ ਅਖੀਰ ਵਿੱਚ ਸ਼ਿਵ ਬਟਾਲਵੀ ਦੀ ਸ਼ਾਹਕਾਰ ਰਚਨਾ ਕਾਵਿ-ਨਾਟ ਲੂਣਾ ਦਾ ਨਾਟ ਸ਼੍ਰੋਮਣੀ ਕੇਵਲ ਧਾਲੀਵਾਲ ਦੀ ਟੀਮ ਵੱਲੋਂ ਮੰਚਨ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਬਰਸੀ ਸਮਾਗਮ ਦੀ ਪ੍ਰਧਾਨਗੀ ਰਾਜ ਸਰਕਾਰ ਦੇ ਮੰਤਰੀ ਸਾਹਿਬਾਨ ਅਤੇ ਉੱਚ ਅਧਿਕਾਰੀਆਂ ਵੱਲੋਂ ਕੀਤੀ ਜਾਵੇਗੀ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਬਰਸੀ ਸਮਾਗਮ ਵਿੱਚ ਐਂਟਰੀ ਬਿਲਕੁਲ ਮੁਫ਼ਤ ਹੋਵੇਗੀ ਅਤੇ ਉਨ੍ਹਾਂ ਸ਼ਿਵ ਸਨੇਹੀਆਂ ਨੂੰ ਇਸ ਸਮਾਗਮ ਵਿੱਚ ਸ਼ਾਮਲ ਹੋਣ ਦਾ ਖੁੱਲ੍ਹਾ ਸੱਦਾ ਹੈ। ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਉਹ ਸਮਾਗਮ ਦੀਆਂ ਤਿਆਰੀਆਂ ਵਿੱਚ ਅੱਜ ਤੋਂ ਹੀ ਲੱਗ ਜਾਣ ਤਾਂ ਜੋ ਸਫਲ ਸਮਾਗਮ ਕਰਵਾ ਕੇ ਪੰਜਾਬੀ ਮਾਂ ਬੋਲੀ ਦੇ ਲਾਡਲੇ ਸ਼ਾਇਰ ਸ਼ਿਵ ਕੁਮਾਰ ਬਟਾਲਵੀ ਨੂੰ ਨਿੱਘੀ ਸ਼ਰਧਾਂਜਲੀ ਦਿੱਤੀ ਜਾ ਸਕੇ। ਮੀਟਿੰਗ ਦੌਰਾਨ ਐੱਸ.ਡੀ.ਐੱਮ. ਗੁਰਦਾਸਪੁਰ ਸ੍ਰੀਮਤੀ ਅਮਨਦੀਪ ਕੌਰ ਘੁੰਮਣ, ਐੱਸ.ਡੀ.ਐੱਮ. ਬਟਾਲਾ ਸ੍ਰੀਮਤੀ ਸ਼ਾਇਰੀ ਭੰਡਾਰੀ, ਸਹਾਇਕ ਕਮਿਸ਼ਨਰ (ਜ) ਸ੍ਰੀ ਸਚਿਨ ਪਾਠਕ, ਐੱਸ.ਡੀ.ਐੱਮ. ਦੀਨਾਨਗਰ ਸ. ਪਰਮਪ੍ਰੀਤ ਸਿੰਘ ਗੁਰਾਇਆ, ਸ਼ਿਵ ਕੁਮਾਰ ਬਟਾਲਵੀ ਕਲਾ ਤੇ ਸੱਭਿਆਚਾਰਕ ਸੁਸਾਇਟੀ ਦੇ ਪ੍ਰਧਾਨ ਡਾ. ਰਵਿੰਦਰ ਸਿੰਘ, ਜ਼ਿਲ੍ਹਾ ਹੈਰੀਟੇਜ ਸੁਸਾਇਟੀ ਦੇ ਜਨਰਲ ਸਕੱਤਰ ਸ. ਤਜਿੰਦਰਪਾਲ ਸਿੰਘ ਸੰਧੂ, ਪ੍ਰੋ. ਰਾਜ ਕੁਮਾਰ ਸ਼ਰਮਾਂ, ਐਕਸੀਅਨ ਹਰਜੋਤ ਸਿੰਘ, ਐੱਸ.ਡੀ.ਓ. ਨਿਰਮਲ ਸਿੰਘ ਤੋਂ ਇਲਾਵਾ ਹੋਰ ਅਧਿਕਾਰੀ ਵੀ ਹਾਜ਼ਰ ਸਨ।

# ਸਬ ਸੈਂਟਰ ਗਾਜ਼ੀਕੋਟ ਵਿਖੇ ਲਿੰਗ ਅਨੁਪਾਤ ਵਿਚ ਸੁਧਾਰ ਕਰਨ ਹਿਤ ਜਾਗਰੂਕਤਾ ਕੈਂਪ ਲਗਾਇਆ




**ਦੋਰਾਂਗਲਾ/ਰਾਕੇਸ਼ ਜੀਵਨ ਚੱਕ**

ਸਿਵਲ ਸਰਜਨ ਗੁਰਦਾਸਪੁਰ ਡਾਕਟਰ ਹਰਭਜਨ ਰਾਮ ਮਾਂਡੀ ਜੀ ਦੇ ਦਿਸ਼ਾ ਨਿਰਦੇਸ਼ਾਂ ਅਤੇ ਸੀਨੀਅਰ ਮੈਡੀਕਲ ਅਫਸਰ ਡਾ ਅਨੀਤਾ ਗੁਪਤਾ, ਪੀ ਐਚ ਸੀ ਰਣਜੀਤ ਬਾਗ਼ ਦੀ ਯੋਗ ਅਗਵਾਈ ਹੇਠ ਸਬ ਸੈਂਟਰ ਗਾਜ਼ੀਕੋਟ ਵਿਖੇ ਲਿੰਗ ਅਨੁਪਾਤ ਵਿਚ ਸੁਧਾਰ ਕਰਨ ਹਿਤ ਪਿੰਡ ਵਾਸੀ ਅਤੇ ਫੀਲਡ ਸਟਾਫ ਨਾਲ ਜਾਗਰੂਕਤਾ ਲੈਕਚਰ ਕੀਤਾ ਗਿਆ। ਜਿੱਥੇ ਪੀਸੀ ਪੀਐਨਡੀਟੀ ਐਕਟ ਅਧੀਨ ਲਿੰਗ ਅਨੁਪਾਤ ਵਿਚ ਸੁਧਾਰ ਕਰਨ ਹਿਤ ਮੀਸਿੰਗ ਗਰਲ ਚਾਈਲਡ ਦਿਵਸ ਮਨਾਇਆ ਗਿਆ। ਬੀ ਈ ਈ ਸੰਦੀਪ ਕੌਰ ਕੌਰ ਨੇ ਦੱਸਿਆ ਕਿ ਲੜਕਿਆਂ ਦੇ ਮੁਕਾਬਲੇ ਲੜਕੀਆਂ ਦੀ ਜਨਮ ਦਰ ਦਾ ਅਨੁਪਾਤ ਘੱਟ ਹੋ ਰਿਹਾ ਹੈ । ਜਿਸ ਨੂੰ ਸੁਧਾਰਨ ਦੀ ਲੋੜ ਹੈ। ਕੁੜੀਆਂ ਦੀ ਜਨਮ ਦਰ ਨੂੰ ਵਧਾਉਣ ਲਈ ਜਰੂਰੀ ਹੈ ਕਿ ਪੀਸੀਪੀਐਨਡੀਟੀ ਐਕਟ ਦੀ ਸਖਤੀ ਨਾਲ ਪਾਲਨਾ ਹੋਵੇ। ਜੇਕਰ ਕੋਈ ਅਲਟਰਾਸਾਊਂਡ ਸਕੈਨ ਸੈਂਟਰ ਨਿਯਮਾਂ ਦੇ ਉਲਟ ਲਿੰਗ ਨਿਰਧਾਰਨ ਟੈਸਟ ਕਰਦਾ ਹੈ ਕਿ ਤਾਂ ਉਸਦੀ ਸੂਚਨਾ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਦਿਤੀ ਜਾਵੇ। ਸੂਚਨਾ ਦੇਣ ਵਾਲੇ ਦੀ ਜਾਣਕਾਰੀ ਗੁਪਤ ਰਖਦੇ ਹੋਏ ਸਬੰਧਤ ਸਕੈਨ ਸੈਂਟਰ ਖਿਲਾਫ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਤੇ ਬੀ ਈ ਈ ਸੁਰਿੰਦਰ ਕੌਰ, ਐਲ ਐਚ ਵੀ ਕੌਸ਼ਲਿਆ ਦੇਵੀ, ਸੀ ਐਚ ਓ ਜਸਵਿੰਦਰ ਕੌਰ, ਏ ਐਨ ਐਮ ਗੀਤਾ, ਹੈਲਥ ਵਰਕਰ ਵਿਨੋਦ, ਆਸ਼ਾ ਵਰਕਰਾਂ, ਆਂਗਣਵਾੜੀ ਵਰਕਰਾਂ ਅਤੇ ਪਿੰਡ ਵਾਸੀ ਹਾਜ਼ਰ ਸਨ ।

# ਪਿੰਡ ਕਾਤਰੋਂ ਵਿਖੇ ਮੁਸਲਿਮ ਭਰਾਵਾਂ ਨੂੰ ਕਿਹਾ ਈਦ ਮੁਬਾਰਕ , ਬੂਟੇ ਨੂੰ ਪਾਇਆ ਰਲ ਕੇ ਪਾਣੀ



ਪਿੰਡ ਕਾਤਰੋਂ ਵਿਖੇ ਮਸਜਿਦ ਅੱਗੇ ਲੱਗੇ ਬੂਟੇ ਨੂੰ ਪਾਣੀ ਪਾਉਂਦੇ ਸਰਬ ਧਰਮ ਦੇ ਪਤਵੰਤੇ ।

**ਸ਼ੇਰਪੁਰ /ਹਰਜੀਤ ਸਿੰਘ ਕਾਤਿਲ**

ਕਸਬੇ ਨੇੜਲੇ ਪਿੰਡ ਕਾਤਰੋਂ ਵਿਖੇ ਸਰਪੰਚ ਬਹਾਦਰ ਸਿੰਘ ਬਾਗੜੀ ਕਾਤਰੋਂ, ਸੂਬੇਦਾਰ ਬਲਦੇਵ ਸਿੰਘ , ਗੁਰਮੇਲ ਸਿੰਘ , ਜੱਸਾ ਸਿੰਘ ਬਾਗੜੀ, ਦਰਸ਼ਨ ਸਿੰਘ ਪੰਚ, ਕਪੂਰ ਸਿੰਘ ਪੰਚ ,ਤਾਰਾ ਸਿੰਘ ਜੇਜੀ ,ਤੇਜ਼ਾ ਚੋਕੀਦਾਰ ਅਤੇ ਨਗਰ ਨਿਵਾਸੀਆਂ ਵੱਲੋਂ ਸ਼ਕੀਲ ਖਾਂਮੋਲਵੀ , ਰੁਲਦੂ ਖਾਂ , ਬੂਟਾ ਅਤੇ ਸਮੂੰਹ ਮੁਸਲਮਾਨ ਭਾਈਚਾਰੇ ਨੂੰ ਈਦ ਦੀਆਂ ਮੁਬਾਰਕਾਂ ਦਿੱਤੀਆਂ ਗਈਆਂ । ਈਦ ਦੀ ਖੁਸ਼ੀ ਵਿੱਚ ਸਰਪੰਚ ਬਹਾਦਰ ਸਿੰਘਬਾਗੜੀ ਦੀ ਅਗਵਾਈ ਹੇਠ ਸਾਰੇ ਮੁਸਲਮਾਨ ਭਾਈਚਾਰੇ ਦੀ ਸਾਂਝ ਨੂੰ ਸਦੀਵੀਂ ਬਣਾਈ ਰੱਖਣ ਲਈ ਮਸਜਿਦ ਦੇ ਸਾਹਮਣੇ ਲੱਗੇ ਇੱਕ ਬੂਟੇ ਦੀ ਸੇਵਾ ਕੀਤੀ ਅਤੇਮੁਸਲਮਾਨ ਭਾਈਚਾਰੇ ਨੂੰ ਵਿਸ਼ਵਾਸ ਦਿਵਾਇਆ ਕਿ ਮਸਜਿਦ ਵਿੱਚ ਮੋਟਰ ਪਾਣੀ ਲਈ ਅਤੇ ਕਬਰ ਸਥਾਨ ਅੰਦਰ ਖ਼ਾਲੀ ਪਈ ਜਗਾ ਵਿੱਚ ਬੂਟੇ ਲਗਾਏ ਜਾਣਗੇਅਤੇ ਉਨ੍ਹਾਂ ਨੂੰ ਪਾਣੀ ਲਈ ਪਾਇਪ ਲਾਈਨ ਵੀ ਪਾਈ ਜਾਵੇਗੀ । ਸਮੂੰਹ ਮੋਹਤਬਰਾਂ ਨੇ ਦੇਸ਼ ਵਿਦੇਸ਼ ਵੱਸਦੇ ਮੁਸਲਿਮ ਭਰਾਵਾਂ ਨੂੰ ਈਦ ਦੀ ਮੁਬਾਰਕਬਾਦ ਦਿੱਤੀ ।

SHAHEED BABA NIHAL SINGH CHARITABLE HOSPITAL
Near Gurudwara Talhan, VPO-Talhan, Distt. Jalandhar, Ph. 0181-2770808
FACILITIES AVAILABLE
Ambulance Service 24hrs.
I.C.C.U. (Intensive Cardiac Care Unit), Indoor Facies Ultrasound Scan, Gyane & Obstetrical Operations, Surgierles, Neonatal ICU (Incubator Phototherapy) Well Equipped Laboratory, Nebulizer for Asthma Patients, Ortho & Spine Surgeon, Special Clinic for Skin & V.D., SIDS & HIV Patients, ECG, Dental Facilites, Eye Operations
Free Medicine for 9am to 5pm

# ਪੁਰਖਿਆਂ ਦੇ ਪਿੰਡ ਹਮੀਦੀ ਪੁੱਜਣ 'ਤੇ ਭੰਡਾਰੀ ਪਰਿਵਾਰ ਦਾ ਭਰਵਾਂ ਸੁਆਗਤ

### ਪੁਰਖਿਆਂ ਦੇ ਘਰ ਵਾਲੀ ਜੱਦੀ ਜਗ੍ਹਾ 'ਤੇ ਜਾ ਕੇ ਕੀਤਾ ਸਿਜਦਾ





**ਪਿੰਡ ਹਮੀਦੀ ਵਿਖੇ ਭੰਡਾਰੀ ਪਰਿਵਾਰ ਨੂੰ ਸਨਮਾਨਿਤ ਕਰਦੇ ਪਤਵੰਤੇ ਅਤੇ ਪਿੰਡ ਹਮੀਦੀ ਵਿਖੇ ਆਪਣੇ ਜੱਦੀ ਘਰ ਦੇ ਦਰਵਾਜ਼ੇ ਅੱਗੇ ਖੜ੍ਹੇ ਸ: ਕਰਮ ਸਿੰਘ ਭੰਡਾਰੀ, ਸੁਖਵਿੰਦਰ ਸਿੰਘ ਫੁੱਲ ਅਤੇ ਹੋਰ।**

**ਸ਼ੇਰਪੁਰ/ਹਰਜੀਤ ਸਿੰਘ ਕਾਤਿਲ**

ਉੱਘੇ ਸਿੱਖ ਵਿਦਵਾਨ ਸ: ਕਰਮ ਸਿੰਘ ਭੰਡਾਰੀ, ਉੱਘੇ ਪੱਤਰਕਾਰ ਸੁਖਵਿੰਦਰ ਸਿੰਘ ਫੁੱਲ ਇੰਚਾਰਜ਼ ਉੱਪ ਦਫ਼ਤਰ ਅਜੀਤ ਸੰਗਰੂਰ ਆਪਣੇ ਪਰਿਵਾਰਕ ਮੈਂਬਰਾਂ ਸਮੇਤ ਅੱਜ 35 ਸਾਲਾਂ ਬਾਅਦ ਆਪਣੇ ਜੱਦੀ ਪਿੰਡ ਹਮੀਦੀ ਪਹੁੰਚੇ। ਜਿੱਥੇ ਸਮਾਜ ਸੇਵੀ ਜਸਵਿੰਦਰ ਸਿੰਘ ਮਾਂਗਟ ਅਤੇ ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਦੇ ਅਹੁਦੇਦਾਰਾਂ ਵਲੋਂ ਉਨ੍ਹਾਂ ਦਾ ਭਰਵਾਂ ਸੁਆਗਤ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਿਦਆਂ ਓਮਨਦੀਪ ਸਿੰਘ ਸੋਹੀ ਨੇ ਸਮੂਹ ਭੰਡਾਰੀ ਪਰਿਵਾਰ ਨੂੰ ਜੀ ਆਇਆਂ ਆਖਦਿਆਂ ਕਿਹਾ ਕਿ ਸਮਾਜ 'ਚ ਵਿਲੱਖਣ ਪਹਿਚਾਣ ਰੱਖਦਾ ਭੰਡਾਰੀ ਪਰਿਵਾਰ ਆਪਣੇ ਪੁਰਖਿਆਂ ਦੀ ਜਨਮ ਭੂਮੀ ਨੂੰ ਨਹੀਂ ਭੁਲਿਆ। ਉਨ੍ਹਾ ਦਾ ਪਿੰਡ ਹਮੀਦੀ ਵਿਖੇ ਪਹੁੰਚਣਾ ਸਾਡੇ ਸਾਰਿਆਂ ਲਈ ਮਾਣ ਵਾਲੀ ਗੱਲ ਹੈ। ਇਸ ਮੌਕੇ ਬੋਲਦਿਆਂ ਸੁਰਿਆਵੰਸ਼ੀ ਖੱਤਰੀ ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਭੰਡਾਰੀ ਨੇ ਕਿਹਾ ਕਿ ਪਿੰਡ ਹਮੀਦੀ ਉਨ੍ਹਾਂ ਦੇ ਦਿਲਾਂ 'ਚ ਹਮੇਸ਼ਾਂ ਤੋਂ ਵਸਦਾ ਰਿਹਾ ਹੈ, ਇੱਥੋਂ ਦੇ ਲੋਕਾਂ ਵਲੋਂ ਦਿੱਤੇ ਗਏ ਮਾਣ ਸਤਿਕਾਰ ਅਤੇ ਮਜ਼ਬੂਤ ਆਪਸੀ ਭਾਈਚਾਰਕ ਸਾਂਝ ਨੂੰ ਦੇਖ ਕੇ ਮਨ ਨੂੰ ਬਹੁਤ ਸਕੂਨ ਮਿਲਿਆ ਹੈ। ਸਿੱਖ ਬੁੱਧੀਜੀਵੀ ਕਰਮ ਸਿੰਘ ਭੰਡਾਰੀ ਨੇ ਕਿਹਾ ਕਿ ਉਨ੍ਹਾਂ ਨੌਜਵਾਨਾਂ ਨੂੰ ਕੁਰਬਾਨੀਆਂ ਭਰੇ ਸਿੱਖ ਇਤਿਹਾਸ ਤੋਂ ਜਾਣੂ ਕਰਵਾਉਣ ਅਤੇ ਗੁਰਮਤਿ ਨਾਲ ਜੋੜਨ ਲਈ ਸ੍ਰੀ ਗੁਰੂ ਤੇਗ਼ ਬਹਾਦਰ ਦੇ ਪ੍ਰਕਾਸ਼ ਪੁਰਬ ਮੌਕੇ ਧਾਰਮਿਕ ਮੁਕਾਬਲੇ ਕਰਵਾਏ ਜਾਣਗੇ, ਜਿੰਨ੍ਹਾਂ 'ਚ ਪੰਜਵੀਂ ਜਮਾਤ ਤੋਂ ਬੀ.ਏ. ਤੱਕ ਦੇ ਵਿਦਿਆਰਥੀ ਭਾਗ ਲੈ ਸਕਣਗੇ। ਇਸ ਮੌਕੇ ਗ੍ਰਾਮ ਪੰਚਾਇਤ, ਗੁ: ਪ੍ਰਬੰਧਕ ਕਮੇਟੀ, ਸ਼ਹੀਦ ਭਗਤ ਸਿੰਘ ਸਪੋਸਟਸ ਕਲੱਬ ਦੇ ਸਮੂਹ ਅਹੁਦੇਦਾਰਾਂ ਵਲੋਂ ਸ: ਕਰਮ ਸਿੰਘ ਭੰਡਾਰੀ, ਸੁਖਵਿੰਦਰ ਸਿੰਘ ਫੁੱਲ, ਕਰਮ ਸਿੰਘ ਭੰਡਾਰੀ, ਡਾ: ਹਰਪ੍ਰੀਤ ਸਿੰਘ ਭੰਡਾਰੀ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਉਪਰੰਤ ਸ: ਸੁਖਵਿੰਦਰ ਸਿੰਘ ਫੁੱਲ ਅਤੇ ਪਰਿਵਾਰਕ ਮੈਂਬਰਾਂ ਨੇ ਆਪਣੇ ਪੁਰਖਿਆਂ ਦੇ ਘਰ ਵਾਲੀ ਜੱਦੀ ਜਗ੍ਹਾ 'ਤੇ ਜਾ ਕੇ ਸਿਜਦਾ ਵੀ ਕੀਤਾ। ਇਸ ਸਮੇਂ ਏਕਮ ਸਿੰਘ ਦਿਓਲ, ਨੰਬਰਦਾਰ ਗੁਰਮੁੱਖ ਸਿੰਘ ਹਮੀਦੀ ਆਦਿ ਹਾਜ਼ਰ ਸਨ।

# ਪਿੰਡ ਮਾਹਮਦਪੁਰ ਦੇ ਗੁਰਦੁਆਰਾ ਸਾਹਿਬ 'ਚ ਸਰਬ ਧਰਮ ਸੰਗਮ ਇਫ਼ਤਾਰ ਪਾਰਟੀ ਬਣੀ ਯਾਦਗਰੀ

### *ਸਿੱਖਾਂ ਨੇ ਖੁਲ੍ਹਵਾਏ ਮੁਸਲਿਮ ਵੀਰਾਂ ਦੇ ਰੋਜ਼ੇ ,ਆਪਸੀ ਭਾਈਚਾਰਕ ਸਾਂਝ ਦਾ ਦਿੱਤਾ ਸੁਨੇਹਾ*

**ਸ਼ੇਰਪੁਰ / ਹਰਜੀਤ ਸਿੰਘ ਕਾਤਿਲ**

ਇੱਕ ਮਾਲਕ ਦੇ ਬੱਚੇ ਹਾਂ ਕੀ ਰਾਮ ਤੇ ਕੀ ਮੁਹੰਮਦ ।" ਅੱਜ ਵੀ ਭਾਵੇਂ ਸਾਨੂੰ ਵੰਡਣ ਲਈ ਕਿੰਨੇ ਹੱਥ ਕੰਡੇਅਪਣਾਏ ਜਾਣ ਅਸੀਂ ਇੱਕ ਹਾਂ ਅਤੇ ਹਮੇਸ਼ਾਂ ਇੱਕ ਹੀ ਰਹਾਂਗੇ । ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਗੁਰਦੁਆਰਾ ਸਾਹਿਬ ਪਿੰਡ ਮਾਹਮਦਪੁਰ ਵਿਖੇ ਉੱਘੇ ਸਮਾਜ ਸੇਵੀਇੰਸ . ਪਿਆਰਾ ਸਿੰਘ ਮਾਹਮਦਪੁਰ ਵੱਲੋਂ ਬਾਬਾ ਮਨਪ੍ਰੀਤ ਸਿੰਘ ਅਲੀਪੁਰ ਖਾਲਸਾ ਦੀ ਰਹਿਨੁਮਾਈ ਅਤੇ ਮਹਾਦਾਨੀ ਕਿਰਨ ਮਹੰਤ ਸਿੱਧੂ , ਸ੍ .ਜਸਵੰਤ ਸਿੰਘਵੜੈਚ ਡੀ ਡੀ ਪੀ ਓ ਫਿਰੋਜ਼ਪੁਰ ਦੇ ਸਹਿਯੋਗ ਸਦਕਾ ਗੁਰਦੁਆਰਾ ਸਾਹਿਬ ਵਿਖੇ ਮੁਸਲਿਮ ਵੀਰਾਂ ਦੇ ਰੋਜ਼ੇ ਖੁੱਲ੍ਹਵਾਉਣ ਲਈ ਰੱਖੀ ਗਈ ਇਫ਼ਤਾਰੀ ਪਾਰਟੀ ਮੌਕੇ ਮੀਡੀਆ ਨਾਲ ਵਿਸ਼ੇਸ ਗੱਲਬਾਤ ਕਰਦਿਆਂ ਵੱਖ- ਵੱਖਧਰਮਾਂ ਤੋਂ ਸਮਾਗਮ 'ਚ ਪੁੱਜੇ ਉੱਘੇ ਪ੍ਰਚਾਰਕ



**ਸਾਂਝੀਵਾਲਤਾ ਦਾ ਸੰਦੇਸ਼ ਦਿੰਦਿਆਂ ਮੁਸਲਿਮ ਵੀਰਾਂ ਦੀ ਨਮਾਜ਼ ਮੌਕੇ ਹਾਜ਼ਰ ਸਰਬ ਧਰਮ ਪ੍ਰਚਾਰਕ।**

ਡਾ ਨਸੀਰ ਮੁਹੰਮਦ ਮਸਲੇਰਕੋਟਲਾ , ਗੁਰਮੇਲ ਸਿੰਘ ਪਾਦਰੀ , ਪੰਡਿਤ ਲਕਸ਼ਮੀ ਨਾਰਾਇਣ ਸ਼ੇਰਪੁਰ , ਬਾਬਾ ਮਨਪ੍ਰੀਤ ਸਿੰਘ ਅਲੀਪੁਰ ਖਾਲਸਾ , ਸੁਆਮੀ ਜਸਦੇਵਾ ਨੰਦ ਜੀ ਆਲਮਗੀਰ , ਭਾਈ ਰਣਜੀਤ ਸਿੰਘ ਅਲੀਪੁਰ ਖਾਲਸਾ , ਬਾਬਾ ਰਾਜਵਰਿੰਦਰ ਸਿੰਘ ਟਿੱਬਾ , ਮਸਟਰ ਹਰਬੰਸ ਸਿੰਘ ਸ਼ੇਰਪੁਰ , ਬਾਬਾ ਜੰਗ ਸਿੰਘ ਦੀਵਾਨਾ , ਕਿਰਨ ਮਹੰਤ ਸਿੱਧੂ , ਮੁਹੰਮਦ ਆਰਿਫ਼ ਮਾਲੇਰਕੋਟਲਾ , ਬਾਬਾ ਰਾਜ ਸਿੰਘ ਸ਼ੇਰਗੜ੍ਹ ਚੀਮਾ , ਡਾ ਮਿੱਠੂ ਮੁਹੰਮਦ ਮਹਿਲਕਲਾਂ ਵੱਲੋਂ ਕੀਤਾ ਗਿਆ । ਉਨ੍ਹਾਂ ਦੱਸਿਆ ਕਿ ਸਦੀਆਂ ਤੋਂ ਚਲੀ ਆ ਰਹੀ ਆਪਸੀ ਭਾਈਚਾਰਕ ਸਾਂਝ ਨੂੰ ਹੋਰ ਮਜ਼ਬੂਤ ਕਰਦਿਆਂਗੁਰਦੁਆਰਾ ਪ੍ਰਬੰਧਕ ਕਮੇਟੀ ,ਪੰਚਾਇਤ ਅਤੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਇਹ ਪ੍ਰੋਗਰਾਮ ਉਲੀਕਿਆ ਗਿਆ ਸੀ, ਜਿਸ ਵਿੱਚ ਸਮੂਹ ਵਰਗਾਂ ਤੇ ਧਰਮਾਂ ਦੇਲੋਕਾਂ ਨੇ ਬੜੇ ਉਤਸ਼ਾਹ ਨਾਲ ਹਿੱਸਾ ਲੈਂਦਿਆਂ ਮੁਸਲਿਮ ਵੀਰਾਂ ਦੇ ਰੋਜ਼ੇ ਖੁੱਲ੍ਹਵਾਏ ਹਨ। ਧਾਰਮਿਕ ਆਗੂਆਂ ਨੇ ਕਿਹਾ ਕਿ ਕੋਈ ਵੀ ਧਰਮ ਸਾਨੂੰ ਆਪਸੀ ਵੈਰ-ਵਿਰੋਧਰੱਖਣਾ ਨਹੀਂ ਸਿਖਾਉਂਦਾ,ਸਗੋਂ ਸਾਰੇ ਧਰਮਾਂ ਦਾ ਉਪਦੇਸ਼ ਸਾਂਝਾ ਹੈ, ਜੋ ਸਰਬ ਸਾਂਝੀਵਾਲਤਾ ਦਾ ਉਪਦੇਸ਼ ਦਿੰਦਾ ਹੈ । ਸਮੂੰਹ ਪ੍ਰਚਾਰਕਾਂ ਨੇ ਇੰਸ . ਪਿਆਰਾ ਸਿੰਘਮਾਹਮਦਪੁਰ ਵੱਲੋਂ ਸਮਾਜ ਅੰਦਰ ਨਿਭਾਈ ਜਾ ਰਹੀ ਨਿਰਸਵਾਰਥ ਸਮਾਜ ਸੇਵਾ ਦੀ ਤਾਰੀਫ਼ ਕੀਤੀ ਤੇ ਸਾਥ ਦੇਣ ਲਈ ਅਹਿਦ ਲਿਆ । ਇਸ ਮੌਕੇ ਜਸਵੀਰ ਸਿੰਘਸੀਰਾ , ਡਾ ਹਬੀਬ ਬਦੇਸ਼ਾ , ਡਾ ਪਰਮਿੰਦਰ ਸਿੰਘ ਹਮੀਦੀ ਫਿੱਟ ਐਂਡ ਲਾਈਫ਼ ਆਯੁਰਵੈਦਾ ਮਹਿਲਕਲਾਂ , ਪੱਤਰਕਾਰ ਫ਼ਿਰੋਜ਼ ਖਾਨ ਮਹਿਲਕਲਾਂ , ਗੁਰਦੁਆਰਾਸਾਹਿਬ ਦੇ ਹੈੱਡ ਗ੍ਰੰਥੀ ਬਾਬਾ ਤਾਰਾ ਸਿੰਘ ਸਮੂੰਹ ਪ੍ਰਬੰਧਕ ਕਮੇਟੀ , ਤੇਜੀ ਸੁਮਨ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਨਗਰ ਨਿਵਾਸੀ ਹਾਜ਼ਰ ਸਨ । ਸਟੇਜਸੱਕਤਰ ਦੀ ਜ਼ਿੰਮੇਵਾਰੀ ਭਾਈ ਮੇਵਾ ਸਿੰਘ ਮਾਹਮਦਪੁਰ ਨੇ ਬਾਖੂਬੀ ਨਿਭਾਈ ।

# 1 ਅਪ੍ਰੈਲ ਤੋਂ ਹੁਣ ਤਕ 561 ਕੋਵਿਡ ਮਰੀਜ਼ ਠੀਕ ਹੋਏ : ਸਿਵਲ ਸਰਜਨ

### *ਬੀਮਾਰੀ ਦੇ ਮੁਕੰਮਲ ਖ਼ਾਤਮੇ ਲਈ ਲੋਕਾਂ ਕੋਲੋਂ ਸਹਿਯੋਗ ਮੰਗਿਆ*

**ਮੋਹਾਲੀ /ਰੀਤਿਸ਼ ਕੁਮਾਰ**

ਜ਼ਿਲ੍ਹਾ ਸਿਹਤ ਵਿਭਾਗ ਵਲੋਂ ਕੋਵਿਡ ਦੀ ਰੋਕਥਾਮ ਲਈ ਵੱਡੇ ਪੱਧਰ 'ਤੇ ਯਤਨ ਜਾਰੀ ਹਨ। ਜਿਥੇ ਕੋਵਿਡ ਟੈਸਟਿੰਗ ਤੇਜ਼ ਕਰ ਦਿਤੀ ਗਈ ਹੈ, ਉਥੇ ਵਧੀਆ ਨਿਗਰਾਨੀ ਅਤੇ ਇਲਾਜ ਪ੍ਰਬੰਧਾਂ ਸਦਕਾ ਕੋਵਿਡ ਮਰੀਜ਼ ਜਲਦੀ ਸਿਹਤਯਾਬ ਹੋ ਰਹੇ ਹਨ। ਇਹ ਜਾਣਕਾਰੀ ਦਿੰਦਿਆਂ ਸਿਵਲ ਸਰਜਨ ਡਾ. ਰੁਪਿੰਦਰ ਕੌਰ ਗਿੱਲ ਨੇ ਬੀਤੀ 1 ਅਪ੍ਰੈਲ ਤੋਂ ਹੁਣ ਤਕ ਦਾ ਡੇਟਾ ਸਾਂਝਾ ਕੀਤਾ। ਉਨ੍ਹਾਂ ਦਸਿਆ ਕਿ ਇਸ ਸਮੇਂ ਦੌਰਾਨ ਜ਼ਿਲ੍ਹੇ ਵਿਚ ਕੋਵਿਡ ਦੇ 989 ਕੇਸ ਸਾਹਮਣੇ ਆਏ ਹਨ ਜਿਨ੍ਹਾਂ ਵਿਚੋਂ 561 ਮਰੀਜ਼ ਪੂਰੀ ਤਰ੍ਹਾਂ ਠੀਕ ਹੋ ਚੁੱਕੇ ਹਨ ਜਦਕਿ ਬਾਕੀ ਇਕਾਂਤਵਾਸ ਵਿਚ ਚੱਲ ਰਹੇ ਹਨ। ਉਨ੍ਹਾਂ ਕਿਹਾ ਕਿ ਇਕਾਂਤਵਾਸ ਵਾਲੇ ਮਰੀਜ਼ਾਂ ਦੇ ਵੀ ਛੇਤੀ ਹੀ ਠੀਕ ਹੋਣ ਦੀ ਉਮੀਦ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿਚ ਕੋਵਿਡ ਮਰੀਜ਼ਾਂ ਦੇ



ਠੀਕ ਹੋਣ ਦੀ ਦਰ ਕਾਫ਼ੀ ਹੈ। ਸਿਵਲ ਸਰਜਨ ਨੇ ਦਸਿਆ ਕਿ ਸਿਹਤ ਵਿਭਾਗ ਵਲੋਂ ਕੋਵਿਡ ਟੈਸਟਿੰਗ ਦਾ ਕੰਮ ਪਹਿਲਾਂ ਹੀ ਤੇਜ਼ ਕਰ ਦਿਤਾ ਗਿਆ ਹੈ। ਇਸ ਸਮੇਂ ਦੌਰਾਨ 7840 ਕੋਵਿਡ ਟੈਸਟ ਕੀਤੇ ਗਏ। ਇਸ ਸਮੇਂ ਦੌਰਾਨ 1 ਮਰੀਜ਼ ਦੀ ਮੌਤ ਵੀ ਹੋਈ ਹੈ। ਡਾ. ਗਿੱਲ ਨੇ ਆਖਿਆ ਕਿ ਇਸ ਬੀਮਾਰੀ ਦਾ ਫੈਲਾਅ ਰੋਕਣ ਲਈ ਲੋਕਾਂ ਦਾ ਸਹਿਯੋਗ ਅਤਿਅੰਤ ਜ਼ਰੂਰੀ ਹੈ। ਉਨ੍ਹਾਂ ਲੋਕਾਂ ਨੂੰ ਮੁੜ ਅਪੀਲ ਕਰਦਿਆਂ ਕਿਹਾ ਕਿ ਕੋਵਿਡ ਤੋਂ ਬਚਾਅ ਲਈ ਮਾਸਕ ਪਾਇਆ ਜਾਵੇ ਅਤੇ ਵਾਰ-ਵਾਰ ਹੱਥ ਧੋਣ ਜਿਹੀਆਂ ਜ਼ਰੂਰੀ ਸਾਵਧਾਨੀਆਂ ਅਤੇ ਸਰਕਾਰੀ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਮਾੜੀ-ਮੋਟੀ ਤਕਲੀਫ਼ ਹੋਣ 'ਤੇ ਹਸਪਤਾਲ ਨਾ ਜਾਇਆ ਜਾਵੇ। ਇਸ ਦੀ ਬਜਾਏ ਸਿਹਤ ਵਿਭਾਗ ਦੀ ਹੈਲਪਲਾਈਨ 104 'ਤੇ ਸੰਪਰਕ ਕਰ ਕੇ ਡਾਕਟਰ ਦੀ ਸਲਾਹ ਲਈ ਜਾਵੇ। ਉਨ੍ਹਾਂ ਕਿਹਾ ਕਿ ਲੋਕਾਂ ਦੇ ਸਹਿਯੋਗ ਨਾਲ ਹੀ ਇਸ ਬੀਮਾਰੀ 'ਤੇ ਹਮੇਸ਼ਾ ਲਈ ਕਾਬੂ ਪਾਇਆ ਜਾ ਸਕਦਾ ਹੈ, ਇਸ ਲਈ ਲੋਕਾਂ ਨੂੰ ਤਮਾਮ ਜ਼ਰੂਰੀ ਸਾਵਧਾਨੀਆਂ ਵਰਤਣੀਆਂ ਚਾਹੀਦੀਆਂ ਹਨ। ਇਸ ਮੌਕੇ ਕੋਵਿਡ ਨੋਡਲ ਅਫ਼ਸਰ ਡਾ. ਹਰਮਨਦੀਪ ਕੌਰ ਵੀ ਮੌਜੂਦ ਸਨ।



# ਭਾਰਤੀ ਵਾਯੂਸੇਨਾ ਵਿੱਚ "ਸਟ੍ਰੈਟੇਜਿਕ ਏਅਰਲਿਫਟ" ਦੇ ਅਗ੍ਰਦੂਤ 44 ਸਕੁਆਡ੍ਰਨ ਦੀ ਡਾਇਮੰਡ ਜੁਬਲੀ ਅੱਜ

**ਚੰਡੀਗੜ੍ਹ/ ਰੀਤਿਸ਼ ਕੁਮਾਰ**

ਭਾਰਤੀ ਵਾਯੂ ਸੇਨਾ ਦੀ 44 ਸਕੁਆਡ੍ਰਨ ਇਸ ਵਰ੍ਹੇ ਚੰਡੀਗੜ੍ਹ ਵਿੱਚ ਆਪਣੀ ਡਾਇਮੰਡ ਜੁਬਲੀ ਮਨਾ ਰਹੀ ਹੈ। ਇਹ ਡਾਇਮੰਡ ਜੁਬਲੀ ਸਮਾਰੋਹ, ਜੋ 2021 ਵਿੱਚ ਮਨਾਇਆ ਜਾਣਾ ਸੀ, ਕੋਵਿਡ-19 ਮਹਾਮਾਰੀ ਦੇ ਮੱਦੇਨਜ਼ਰ ਲੰਬਿਤ ਕਰ ਦਿੱਤਾ ਗਿਆ ਸੀ। ਸਕੁਆਡ੍ਰਨ ਦਾ ਸਮ੍ਰਿੱਧ ਅਤੇ ਗੌਰਵਸ਼ਾਲੀ ਇਤਿਹਾਸ ਆਧੁਨਿਕ ਭਾਰਤ ਦੇ ਫੌਜੀ ਇਤਿਹਾਸ ਅਤੇ ਕੂਟਨੀਤੀ ਦਾ ਬਹੁਰੂਪਦਰਸ਼ਕ (kaleidoscope) ਹੈ ਅਤੇ ਧੀਰਜ, ਹਿੰਮਤ, ਸਮਰਪਣ ਅਤੇ ਪੇਸ਼ੇਵਰਤਾ ਦੀਆਂ ਕਹਾਣੀਆਂ ਨਾਲ ਭਰਿਆ ਹੋਇਆ ਹੈ, ਜਿਸ ਵਿੱਚ ਭਾਰਤੀ ਵਾਯੂ ਸੇਨਾ ਦੀ ਉਨ੍ਹਾਂ ਸਾਰੀਆਂ ਵਿਸ਼ੇਸ਼ਤਾਵਾਂ ਦੀ ਝਲਕ ਹੈ, ਜਿਸ ਦੇ ਲਈ ਇਸ ਦੀ ਹੋਂਦ ਹੈ। ਸਕੁਆਡ੍ਰਨ ਦੀ ਸਥਾਪਨਾ 06 ਅਪ੍ਰੈਲ 1961 ਨੂੰ ਕੀਤੀ ਗਈ ਸੀ ਅਤੇ ਇਹ ਏਐੱਨ-12 ਵਿਮਾਨਾਂ ਨਾਲ ਲੈਸ ਕੀਤੀ ਗਈ ਸੀ। ਇਸ ਨੇ ਵਰ੍ਹੇ 1985 ਤੱਕ ਏਐੱਨ-12 ਦਾ ਪਰਿਚਾਲਨ ਕੀਤਾ।

ਮਾਰਚ 1985 ਵਿੱਚ, ਆਈਐੱਲ-76 ਵਿਮਾਨ ਨੂੰ ਭਾਰਤ ਵਿੱਚ ਲਿਆਂਦਾ ਗਿਆ, ਜਿਸ ਨੂੰ ਰਸਮੀ ਤੌਰ 'ਤੇ 16 ਜੂਨ 1985 ਨੂੰ ਭਾਰਤੀ ਵਾਯੂ ਸੇਨਾ ਵਿੱਚ ਸ਼ਾਮਲ ਕੀਤਾ ਗਿਆ। ਵਿਮਾਨ



ਅੱਜ ਵੀ ਸੇਵਾ ਵਿੱਚ ਹੈ। ਭਾਰਤੀ ਵਾਯੂ ਸੇਨਾ ਵਿੱਚ ਸਟ੍ਰੈਟੇਜਿਕ ਵਿਮਾਨਾਂ ਦੀ ਅਗ੍ਰਦੂਤ 44 ਸਕੁਆਡ੍ਰਨ ਰਾਸ਼ਟਰ ਦੇ ਹਾਲ ਹੀ ਦੇ ਇਤਿਹਾਸ ਵਿੱਚ ਸਾਰੇ ਪ੍ਰਮੁੱਖ ਫੌਜੀ ਅਤੇ ਐੱਚਏਡੀਆਰ ਪਹਿਲਾਂ ਦਾ ਇੱਕ ਹਿੱਸਾ ਰਹੀ ਹੈ, ਜਿਸ ਨੇ ਨਾ ਸਿਰਫ਼ ਭਾਰਤੀ ਵਾਯੂ ਸੇਨਾ ਅਤੇ ਰਾਸ਼ਟਰ ਨੂੰ ਇੱਕ ਸਾਮਰਿਕ ਬਲ ਨਾਲ ਇੱਕ ਰਣਨੀਤਿਕ ਬਲ ਦੇ ਰੂਪ ਵਿੱਚ ਵਿਕਸਿਤ ਹੁੰਦੇ ਦੇਖਿਆ, ਬਲਕਿ ਸਹਿਯੋਗੀ ਸੇਵਾਵਾਂ ਦੀ ਫੌਜੀ ਸ਼ਕਤੀ ਨੂੰ ਵੀ ਵਧਾਇਆ ਹੈ। ਸਕੁਆਡ੍ਰਨ ਨੇ ਦੇਸ਼ ਦੀ "ਵਸੁਧੈਵ ਕੁਟੁੰਬਕਮ" ਦੀ ਮਾਨਤਾ ਨੂੰ ਧਿਆਨ ਵਿੱਚ ਰੱਖਦੇ ਹੋਏ, ਦੇਸ਼ ਦੇ ਨਾਗਰਿਕਾਂ ਦੇ ਨਾਲ-ਨਾਲ ਦੁਨੀਆ ਭਰ ਦੇ ਲੋਕਾਂ ਨੂੰ ਜ਼ਰੂਰਤ ਦੇ ਸਮੇਂ ਸਹਾਇਤਾ ਪ੍ਰਦਾਨ ਕੀਤੀ ਹੈ। 44 ਸਕੁਆਡ੍ਰਨ 'ਇਸ਼ਟਮ ਯਤੇਨਨ ਸਾਧਯੇਤ' ਦੇ ਆਪਣੇ ਆਦਰਸ਼ 'ਤੇ ਕਾਇਮ ਹੈ, ਜਿਸ ਦਾ ਅਰਥ ਹੈ 'ਦ੍ਰਿੜ੍ਹਤਾ ਦੇ ਮਾਧਿਅਮ ਨਾਲ ਲਕਸ਼ਾਂ ਦੀ ਪ੍ਰਾਪਤੀ।' 1985 ਵਿੱਚ ਸਕੁਆਡ੍ਰਨ ਦਾ ਨਾਮ ਬਦਲ ਕੇ 'ਮਾਇਟੀ ਜੈੱਟਸ' ਕਰ ਦਿੱਤਾ ਗਿਆ ਸੀ। ਇਸ ਦੀ ਸਥਾਪਨਾ ਦੇ ਬਾਅਦ ਤੋਂ, 44 ਸਕੁਆਡ੍ਰਨ ਭਾਰਤੀ ਵਾਯੂ ਸੇਨਾ ਦੁਆਰਾ ਕੀਤੀ ਗਈ ਏਅਰਲਿਫਟ ਗਤੀਵਿਧੀਆਂ ਵਿੱਚ ਸਭ ਤੋਂ ਅੱਗੇ ਰਹੀ ਹੈ। ਇਹ ਸਕੁਆਡ੍ਰਨ ਉਸ ਨੂੰ ਸੌਂਪੇ ਗਏ ਕਿਸੇ ਵੀ ਕਾਰਜ ਨੂੰ ਕਰਨ ਦੇ ਲਈ ਹਮੇਸ਼ਾ ਤਤਪਰ ਰਹਿੰਦੀ ਹੈ।

# ਬਹਾਦਰ ਕੇ ਰੋਡ ਸਥਿਤ ਮੰਡੀ ਵਿਚ ਮਾਰਕੀਟ ਕਮੇਟੀ ਵੱਲੋਂ ਮੀਟਿੰਗ ਹੋਈ ਮੀਟਿੰਗ 'ਚ ਕੁਲਦੀਪ ਬਰਾੜ ਜੀ.ਐਮ.ਪ੍ਰੋਜੈਕਟ ਮੰਡੀ ਬੋਰਡ

**ਲੁਧਿਆਣਾ /ਸੁਖਚੈਨ ਮਹਿਰਾ**

ਬਹਾਦਰ ਕੇ ਰੋਡ ਸਥਿਤ ਮੰਡੀ ਵਿਚ ਮਾਰਕੀਟ ਕਮੇਟੀ ਵੱਲੋਂ ਮੀਟਿੰਗ ਹੋਈ। ਮੀਟਿੰਗ ਚ ਕੁਲਦੀਪ ਬਰਾੜ ਜੀ.ਐਮ.ਪ੍ਰੋਜੈਕਟ ਮੰਡੀ ਬੋਰਡ ਵੱਲੋਂ ਸ਼ਿਰਕਤ ਕਰਦਿਆਂ ਸ਼ਿਕਾਇਤ ਸੰਬੰਧੀ ਗੱਲਬਾਤ ਕੀਤੀ। ਠੇਕੇਦਾਰ ਅਤੇ ਸੁਸਾਇਟੀ ਨੁਮਾਇੰਦਿਆਂ ਨੂੰ ਹਿਦਾਇਤਾਂ ਦਿੱਤੀਆਂ ਗਈਆਂ। ਕਿ ਬਾਹਰ ਲੱਗੀ ਰੇਹੜੀ ਫੜ੍ਹੀਆਂ ਨੂੰ ਨਗਰ ਨਿਗਮ ਅਤੇ ਪੁਲਿਸ ਢੇ ਸਹਿਯੋਗ ਨਾਲ ਹਟਾਇਆ ਜਾਏ। ਤਾਂ ਟਰੈਫਿਕ ਦੀ ਮੁਸ਼ਕਲਾਂ ਨਾ ਆਉਣ। ਇਸੇ ਨਾਲ ਰੇਹੜੀ ਫੜੀ ਅੰਦਰ ਲਗਵਾਉਣ ਬਾਰੇ ਗੱਲਬਾਤ ਹੋਈ। ਠੇਕੇਦਾਰ ਨੂੰ ਫਲੈਕਸ ਬੋਰਡ ਅੰਦਰ ਬਾਹਰ ਲਗਾਉਣ ਦੀ



ਹਿਦਾਇਤ ਦਿੱਤੀ ਗਈ। ਤਾਂ ਜੋ ਕਿਸੇ ਨੂੰ ਪ੍ਰੇਸ਼ਾਨੀ ਨਾ ਆਏ। ਇਸੇ ਨਾਲ ਮੰਡੀ ਵਿੱਚ ਆਉਣ ਵਾਲੀ ਗੱਡੀਆਂ ਅੰਦਰ ਬਾਹਰ ਜਾਣ ਦਾ ਰਿਕਾਰਡ ਮੈਂਟਨ ਰੱਖਣ ਦਾ ਕਿਹਾ ਗਿਆ। ਠੇਕੇਦਾਰ ਨੇ ਕਿਹਾ ਟਰੈਫਿਕ ਇੱਕਦਮ ਜਿਆਦਾ ਆਉਣ ਨਾਲ ਵਹੀਕਲਾਂ ਨੂੰ ਕੱਢ ਦਿੱਤਾ ਜਾਂਦਾ ਹੈ। ਠੇਕੇਦਾਰ ਨੇ ਕਿਹਾ ਸਾਨੂੰ ਦੋ ਚਾਰ ਦਿੰਨ ਦਾ ਸਮਾਂ ਦਿੱਤਾ ਜਾਏ। ਇਸੇ ਨਾਲ ਠੇਕੇਦਾਰ ਨੂੰ ਵਸੂਲੀ ਸੰਬੰਧੀ ਜੋ ਨੋਟਿਸ ਜਾਰੀ ਹੋਏ ਸਨ। ਉਸਦਾ ਲਿਖਤ ਜਵਾਬ ਮੰਗਿਆ ਗਿਆ ਹੈ।

# ਚਰਵਾਹਿਆਂ 'ਤੇ ਪਸ਼ੂਆਂ ਨੂੰ ਸੜ੍ਹਕਾਂ ਕਿਨਾਰੇ ਚਰਾਉਣ 'ਤੇ ਰੋਕ

### ਮੂੰਹ ਖੁਰ ਤੇ ਧੱਫ਼ੜੀ ਦੀ ਬਿਮਾਰੀ ਤੋਂ ਬਚਾਅ ਲਈ ਵੀ ਪਸ਼ੂਆਂ ਨੂੰ ਬਾਹਰ ਲਿਆਉਣ ਤੋਂ ਗੁਰੇਜ਼ ਕੀਤਾ ਜਾਵੇ

**ਸਹੀਦ ਭਗਤ ਸਿੰਘ ਨਗਰ /ਰਮੇਸ ਸਰਮਾ/ਗੁਰਪ੍ਰੀਤ ਵਾਸੂ**

ਜ਼ਿਲ੍ਹਾ ਮੈਜਿਸਟਰੇਟ, ਸ਼ਹੀਦ ਭਗਤ ਸਿੰਘ ਨਗਰ, ਨਵਜੋਤ ਪਾਲ ਸਿੰਘ ਰੰਧਾਵਾ ਨੇ ਫੌਜਦਾਰੀ ਜ਼ਾਬਤਾ ਸੰਘਤਾ ਦੀ ਧਾਰਾ 144 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹੇ ਦੇ ਸ਼ਹਿਰੀ ਅਤੇ ਪੇਂਡੂ ਖੇਤਰਾਂ 'ਚ ਚਰਵਾਹਿਆਂ ਵੱਲੋਂ ਪਸ਼ੂਆਂ ਨੂੰ ਸੜਕਾਂ ਕਿਨਾਰੇ ਚਰਾਉਣ 'ਤੇ ਰੋਕ ਲਗਾ ਦਿੱਤੀ ਹੈ। ਜ਼ਿਲ੍ਹਾ ਮੈਜਿਸਟ੍ਰੇਟ ਵੱਲੋਂ ਜਾਰੀ ਹੁਕਮਾਂ 'ਚ ਕਿਹਾ ਗਿਆ ਹੈ ਕਿ ਚਰਵਾਹੇ ਵੱਡੀ ਗਿਣਤੀ 'ਚ ਗਾਵਾਂ, ਮੱਝਾਂ ਤੇ ਹੋਰ ਪਸ਼ੂ ਆਦਿ ਲੈ ਕੇ ਜ਼ਿਲ੍ਹੇ 'ਚ ਪੈਂਦੇ ਸ਼ਹਿਰਾਂ/ਕਸਬਿਆਂ ਅਤੇ ਪਿੰਡਾਂ 'ਚ ਘੁੰਮਦੇ ਫਿਰਦੇ ਹਨ ਜੋ ਕਿ ਸੜ੍ਹਕ ਹਾਦਸਿਆਂ ਦਾ ਕਾਰਨ ਬਣਨ ਦੇ ਨਾਲ-ਨਾਲ ਲੋਕਾਂ ਦੀਆਂ ਫਸਲਾਂ ਅਤੇ ਸੜ੍ਹਕ ਕਿਨਾਰੇ



ਲਗਾਏ ਗਏ ਬੂਟਿਆਂ ਨੂੰ ਨੁਕਸਾਨ ਪਹੁੰਚਾਉਂਦੇ ਹਨ। ਇਸ ਤੋਂ ਇਲਾਵਾ ਮੂੰਹ-ਖੁਰ ਤੇ ਧੱਫ਼ੜੀ ਰੋਗ ਤੋਂ ਪਸ਼ੂਆਂ ਨੂੰ ਬਚਾਉਣ ਲਈ ਵੀ ਪਸ਼ੂਆਂ ਨੂੰ ਚਰਾਉਣ ਲਈ ਬਾਹਰ ਲਿਆਉਣ ਤੋਂ ਪ੍ਰਹੇਜ਼ ਕਰਨ ਦੀ ਲੋੜ ਹੈ। ਇਹ ਹੁਕਮ 20 ਅਪਰੈਲ 2023 ਤੋਂ 19 ਜੂਨ 2023 ਤੱਕ ਲਾਗੂ ਰਹਿਣਗੇ।

# ਗੁਰੂ ਕੀ ਰਸੋਈ ਦੀ ਦੂਸਰੀ ਵਰ੍ਹੇਗੰਢ ਮੌਕੇ ਕਰਵਾਇਆ ਗਿਆ ਗੁਰਮਤਿ ਸਮਾਗਮ ਚੜਦੀ ਕਲਾ ਨਾਲ ਸੰਪੰਨ

**ਸਹੀਦ ਭਗਤ ਸਿੰਘ ਨਗਰ /(ਰਮੇਸ ਸਰਮਾ/ਗੁਰਪ੍ਰੀਤ ਵਾਸ**

ਪਿਛਲੇ ਦੋ ਸਾਲ ਤੋਂ ਬੇਸਹਾਰਾ, ਵਿਕਲਾਂਗ, ਮੰਦਬੁੱਧੀ ਅਤੇ ਹੋਰ ਲੋੜਵੰਦ ਵਿਅਕਤੀਆਂ ਨੂੰ ਦੋ ਵਕਤ ਦਾ ਖਾਣਾ ਤਿਆਰ ਕਰਕੇ ਘਰ ਘਰ ਪਹੁੰਚਾਉਣ ਵਾਲੀ ਨਿਸ਼ਕਾਮ ਟਿਫਨ ਸੇਵਾ ਗੁਰੂ ਕੀ ਰਸੋਈ ਦੀ ਦੂਸਰੀ ਵਰ੍ਹੇਗੰਢ ਮੌਕੇ ਕਰਵਾਇਆ ਗਿਆ ਸ਼ੁਕਰਾਨਾ ਗੁਰਮਤਿ ਸਮਾਗਮ ਬੜੀ ਸ਼ਰਧਾ, ਧੂਮਧਾਮ ਅਤੇ ਚੜਦੀ ਕਲਾ ਨਾਲ ਸੰਪੂਰਨ ਹੋਇਆ ।ਸਾਹਿਬ ਸ੍ਰੀ ਗੁਰੂ ਅੰਗਦ ਦੇਵ ਦੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੜੀ ਤਹਿਤ ਹੋਏ ਇਸ ਸਮਾਗਮ ਮੌਕੇ ਭਾਰੀ ਬਾਰਸ਼ ਦੇ ਬਾਵਜੂਦ ਬਹੁਤ ਵੱਡੀ ਗਿਣਤੀ ਵਿਚ ਸੰਗਤਾਂ ਵਲੋਂ ਗੁਰੂ ਕੀ ਰਸੋਈ ਵਿਖੇ ਹੋਏ ਇਸ ਪ੍ਰਭਾਵਸ਼ਾਲੀ ਸਮਾਗਮ ਵਿਚ ਹਾਜਰੀਆਂ ਭਰੀਆਂ ਗਈਆਂ। ਸਮਾਗਮ ਦੌਰਾਨ ਸਚਖੰਡ ਸ੍ਰੀ ਦਰਬਾਰ ਸਾਹਿਬ ਜੀ ਦੇ ਹਜੂਰੀ ਰਾਗੀ ਭਾਈ ਗੁਰਦੇਵ ਸਿੰਘ ਕੋਹਾੜਕਾ ਨੇ ਅੰਮ੍ਰਿਤਮਈ ਗੁਰਬਾਣੀ ਦਾ ਰਸਭਿੰਨਾ ਕੀਰਤਨ ਕੀਤਾ ਜਿਸ ਦਾ ਸੰਗਤਾਂ ਵਲੋਂ ਪ੍ਰੇਮ ਅਤੇ ਉਤਸ਼ਾਹ ਨਾਲ ਅਨੰਦ ਮਾਣਿਆ ਗਿਆ। ਕੀਰਤਨ ਦੌਰਾਨ ਭਾਈ ਸਾਹਿਬ ਨੇ ਗੁਰੂ ਕੀ ਰਸੋਈ ਵਲੋਂ ਮਨੁੱਖਤਾ ਦੇ ਭਲੇ ਲਈ ਲੋੜਵੰਦਾਂ ਲਈ ਚਲਾਈ ਜਾ ਰਹੀ ਟਿਫਨ ਸੇਵਾ ਦਾ ਜਿਕਰ ਕਰਦਿਆਂ ਕਿਹਾ ਕਿ ਗਰੀਬ ਦਾ ਮੂੰਹ ਹੀ ਗੁਰੂ ਕੀ ਗੋਲਕ ਹੈ ਅਤੇ ਲੋੜਵੰਦ ਬੇਸਹਾਰਾ ਲੋਕਾਂ ਦੇ ਘਰਾਂ ਵਿਚ ਦੋ ਵਕਤ ਦਾ ਖਾਣਾ ਪਹੁੰਚਾਉਣਾ ਹੀ ਗੁਰੂ ਸਾਹਿਬ ਅਤੇ ਸਮਾਜ ਦੀ ਸਭ ਤੋਂ ਉੱਤਮ ਸੇਵਾ ਹੈ। ਉਨਾਂ ਨੇ ਵਿਸ਼ੇਸ਼ ਤੌਰ ਤੇ ਗੁਰਬਾਣੀ ਵਿੱਚ ਸੇਵਾ ਦੇ ਪ੍ਰਥਾਏ



ਅੰਕਿਤ ਕੀਤੇ ਗਏ ਸ਼ਬਦਾਂ ਦਾ ਗਾਇਨ ਕੀਤਾ। ਇਸ ਤੋਂ ਪਹਿਲਾਂ ਗਿਆਨੀ ਲਖਵਿੰਦਰ ਸਿੰਘ ਛਦੌੜੀ ਚੰਡੀਗੜ੍ਹ ਵਾਲਿਆਂ ਨੇ ਗੁਰਮਤਿ ਵਿਚਾਰਾਂ ਅਤੇ ਗੁਰ ਇਤਿਹਾਸ ਦੀ ਸਾਂਝ ਪਾਈ। ਸਮਾਗਮ ਦੀ ਸਮਾਪਤੀ ਤੇ ਭਾਈ ਮਨਜੀਤ ਸਿੰਘ ਵਲੋਂ ਦੋ ਸਾਲ ਤੋਂ ਨਿਰਵਿਘਨਤਾ ਸਹਿਤ ਚਲ ਰਹੀਆਂ ਗੁਰੂ ਕੀ ਰਸੋਈ ਦੀਆਂ ਸੇਵਾਵਾਂ ਦੇ ਤੀਸਰੇ ਸਾਲ ਵਿਚ ਪ੍ਰਵੇਸ਼ ਕਰਨ ਤੇ ਅਕਾਲ ਪੁਰਖ ਦੇ ਚਰਨਾਂ ਵਿਚ ਸ਼ੁਕਰਾਨੇ ਦੀ ਅਰਦਾਸ ਕੀਤੀ। ਇਸ ਮੌਕੇ ਗੁਰੂ ਕੀ ਰਸੋਈ ਦੇ ਮੁੱਖ ਸੇਵਾਦਾਰ ਅਮਰੀਕ ਸਿੰਘ ਅਤੇ ਸੁਰਜੀਤ ਸਿੰਘ ਵਲੋਂ ਪਿਛਲੇ ਦੋ ਸਾਲ ਤੋਂ ਇਲਾਕੇ ਦੀਆਂ ਸੰਗਤਾਂ ਅਤੇ ਐਨ ਆਰ ਆਈ ਵੀਰਾਂ ਵਲੋਂ ਇਨਾ ਸੇਵਾਵਾਂ ਲਈ ਦਿੱਤੇ ਗਏ ਵੱਡੇ ਸਹਿਯੋਗ ਲਈ ਧੰਨਵਾਦ ਕੀਤਾ। ਕੈਨੇਡਾ ਨਿਵਾਸੀ ਸ: ਗੁਰਜਿੰਦਰ ਸਿੰਘ ਵਲੋਂ ਅਰੰਭ ਕੀਤੇ ਗਏ ਇਸ ਉਪਰਾਲੇ ਦੀ ਆਈਆਂ ਹੋਈਆਂ ਸੰਗਤਾਂ, ਧਾਰਮਿਕ ਅਤੇ ਸਮਾਜ ਸੇਵੀ ਸ਼ਖਸੀਅਤਾਂ ਵਲੋਂ ਭਰਪੂਰ ਸਰਾਹਨਾ ਕੀਤੀ ਗਈ। ਸਮਾਪਤੀ ਉਪਰੰਤ ਗੁਰੂ ਕੀ ਰਸੋਈ ਵਲੋਂ ਤਿਆਰ ਕੀਤੇ ਗਏ ਵਿਸ਼ੇਸ਼ ਲੰਗਰ ਸੰਗਤਾਂ ਵਿਚ ਅਤੁੱਟ ਵਰਤਾਏ ਗਏ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੰਗਤਾਂ ਵਿਚ ਕੁਲਵੰਤ ਸਿੰਘ ਮੁੱਖ ਸੇਵਾਦਾਰ ਗੁਰੂ ਕੀ ਰਸੋਈ ਖੈਰੜ ਅੱਛਰਵਾਲ, ਕੌਂਸਲਰ ਅਤੇ ਹਲਕਾ ਇੰਚਾਰਜ ਲਲਿਤ ਮੋਹਨ ਪਾਠਕ ਬੱਲੂ, ਉੱਤਮ ਸਿੰਘ ਸੇਠੀ, ਦੀਦਾਰ ਸਿੰਘ ਡੀ ਐਸ ਪੀ, ਰਜਿੰਦਰ ਸਿੰਘ, ਜਗਜੀਤ ਸਿੰਘ, ਜਗਦੀਪ ਸਿੰਘ, ਜੋਗਾ ਸਿੰਘ ਐਸ ਡੀ ਉ, ਗੁਰਮੁੱਖ ਸਿੰਘ, ਇੰਦਰਜੀਤ ਸਿੰਘ ਬਾਹੜਾ, ਜਰਨੈਲ ਸਿੰਘ, ਮਹਿੰਦਰ ਪਾਲ, ਹਰਮੇਸ਼ ਸਿੰਘ ਭੱਟੀ, ਅਮਰਜੀਤ ਸਿੰਘ, ਰਮਣੀਕ ਸਿੰਘ, ਦਲਜੀਤ ਸਿੰਘ, ਪਿਆਰਾ ਪੰਜਾਬੀ, ਤੇਜਾ ਸਿੰਘ, ਤਰਲੋਚਨ ਸਿੰਘ, ਹਕੀਕਤ ਸਿੰਘ,ਜਸਪਾਲ ਸਿੰਘ, ਗੁਰਦਿਆਲ ਸਿੰਘ, ਗਿਆਨ ਸਿੰਘ, ਗੁਰਦੇਵ ਸਿੰਘ, ਬਲਵੀਰ ਸਿੰਘ, ਗੁਰਦੀਪ ਸਿੰਘ, ਸੁਰਿੰਦਰ ਸਿੰਘ, ਧੀਰਜ ਕੁਮਾਰ, ਗੁਰਪ੍ਰੀਤ ਸਿੰਘ ਅਤੇ ਹਰਭਜਨ ਸਿੰਘ ਅਤੇ ਸੁਖਵਿੰਦਰ ਸਿੰਘ ਸਿਆਣ ਵੀ ਮੌਜੂਦ ਸਨ।

# ਮੋਹਾਲੀ ਦੇ ਭਗਵਾਨ ਪਰਸੂਰਾਮ ਮੰਦਿਰ ਵਿਖੇ ਵਿਸ਼ਾਲ ਸਮਾਗਮ ਦਾ ਆਯੋਜਨ

## ਭਗਵਾਨ ਸ਼੍ਰੀ ਪਰਸੂਰਾਮ ਜੀ ਦਾ ਜਨਮ ਦਿਹਾੜਾ ਧੂਮਧਾਮ ਨਾਲ ਮਨਾਇਆ ਗਿਆ, ਭਗਤਾਂ ਨੇ ਭਜਨਾਂ 'ਤੇ ਨੱਚਿਆ, ਵਿਸ਼ਾਲ ਭੰਡਾਰਾ ਵੀ ਕਰਵਾਇਆ ਗਿਆ









**ਮੋਹਾਲੀ/ਰੀਤਿਸ਼ ਕੁਮਾਰ**

ਮੋਹਾਲੀ ਦੇ ਫੇਜ਼-9 ਇੰਡਸਟਰੀਅਲ ਏਰੀਆ ਸਥਿਤ ਮੋਹਾਲੀ ਰੇਲਵੇ ਸਟੇਸ਼ਨ ਨੇੜੇ ਸਥਿਤ ਭਗਵਾਨ ਸ਼੍ਰੀ ਪਰਸੂਰਾਮ ਮੰਦਿਰ ਅਤੇ ਧਰਮਸ਼ਾਲਾ ਅਤੇ ਸ਼ਨੀਧਾਮ ਮੰਦਿਰ ਵਿੱਚ ਭਗਵਾਨ ਸ਼੍ਰੀ ਪਰਸੂਰਾਮ ਦਾ ਜਨਮ ਦਿਹਾੜਾ ਬੜੀ ਧੂਮਧਾਮ ਨਾਲ ਮਨਾਇਆ ਗਿਆ। ਭਗਵਾਨ ਸ਼੍ਰੀ ਪਰਸੂਰਾਮ ਜੀ ਦੇ ਪ੍ਰਕਾਸ਼ ਪੁਰਬ ਮੌਕੇ ਮੰਦਰ 'ਚ ਵਿਸ਼ਾਲ ਧਾਰਮਿਕ ਪ੍ਰੋਗਰਾਮ ਕਰਵਾਇਆ ਗਿਆ, ਜਿਸ 'ਚ ਹਜ਼ਾਰਾਂ ਦੀ ਗਿਣਤੀ 'ਚ ਸ਼ਰਧਾਲੂਆਂ ਅਤੇ ਟ੍ਰਾਈਸਿਟੀ ਦੇ ਨਾਲ-ਨਾਲ ਮੋਹਾਲੀ ਦੇ ਵੱਖ-ਵੱਖ ਮੰਦਰਾਂ ਦੀ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਅਤੇ ਮਹਿਲਾ ਸੰਕੀਰਤਨ ਦੇ ਅਹੁਦੇਦਾਰਾਂ ਨੇ ਸ਼ਿਰਕਤ ਕੀਤੀ ਅਤੇ ਪ੍ਰੋਗਰਾਮ ਦਾ ਭਰਪੂਰ ਆਨੰਦ ਮਾਣਿਆ.

ਪ੍ਰੋਗਰਾਮ ਵਿੱਚ ਸ਼ਿਰਕਤ ਕਰਨ ਲਈ ਸੰਤ ਸ਼੍ਰੀ ਸੰਪੂਰਨਾਨੰਦ ਬ੍ਰਹਮਚਾਰੀ ਜੀ ਮਹਾਰਾਜ ਵਿਸ਼ੇਸ਼ ਤੌਰ 'ਤੇ ਪਹੁੰਚੇ ਅਤੇ ਜੋਤੀ ਪ੍ਰਚੰਡ ਪ੍ਰਕਾਸ਼ ਕਰਕੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ। ਸ਼੍ਰੀ ਬ੍ਰਾਹਮਣ ਸਭਾ ਮੁਹਾਲੀ ਦੇ ਪ੍ਰਧਾਨ ਅਤੇ ਮੰਦਿਰ ਪ੍ਰਧਾਨ ਸੇਵਾਮੁਕਤ ਐਸ.ਪੀ ਵੀ.ਕੇ ਵੈਦ, ਸ਼੍ਰੀ ਬ੍ਰਾਹਮਣ ਸਭਾ ਮੁਹਾਲੀ ਦੇ ਚੇਅਰਮੈਨ ਰੋਮੇਸ਼ ਦੱਤ ਅਤੇ ਉਹਨਾਂ ਦੀ ਸਮੁੱਚੀ ਟੀਮ ਦੀ ਅਗਵਾਈ ਹੇਠ ਆਏ ਹੋਏ ਪਤਵੰਤਿਆਂ ਨੂੰ ਸ਼ਾਲ ਅਤੇ ਹੋਰ ਯਾਦਗਾਰੀ ਚਿੰਨ੍ਹ ਭੇਂਟ ਕਰਕੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਦੌਰਾਨ ਪੰਜਾਬ ਕੇਐਫਟੀ ਦੇ ਐਮਡੀ ਅਤੇ ਸਮਾਜ ਸੇਵੀ ਸੁਨੀਲ ਬਾਂਸਲ, ਸਮਾਜ ਸੇਵੀ ਆਭਾ ਬਾਂਸਲ,ਚੰਡੀਗੜ੍ਹ ਦਿਨਭਰ ਦੇ ਐਮ ਡੀ ਸੰਜੀਵ ਮਹਾਜਨ ਅਤੇ ਉਨ੍ਹਾਂ ਦੀ ਪਤਨੀ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਜਦੋਂ ਕਿ ਇਸ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਵਾਲਿਆਂ ਵਿੱਚ ਪੰਜਾਬ ਦੇ ਸਾਬਕਾ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ, ਮੁਹਾਲੀ ਨਗਰ ਨਿਗਮ ਦੇ ਮੇਅਰ ਅਮਰਜੀਤ ਸਿੰਘ ਜੀਤੀ ਸਿੱਧੂ, ਸਾਬਕਾ ਸੀਨੀਅਰ ਡਿਪਟੀ ਮੇਅਰ ਰਿਸ਼ਭ ਜੈਨ, ਡਿਪਟੀ ਮੇਅਰ ਕੁਲਜੀਤ ਸਿੰਘ ਬੇਦੀ, ਗਊ ਗ੍ਰਾਸ ਸੇਵਾ ਸਮਿਤੀ ਮੁਹਾਲੀ ਦੇ ਅਹੁਦੇਦਾਰ, ਆਮ ਆਦਮੀ ਪਾਰਟੀ ਮੋਹਾਲੀ ਸਰਕਲ ਪ੍ਰਧਾਨ ਡਾ: ਰਵਿੰਦਰ ਕੁਮਾਰ, ਭਗਵਾਨ ਸ਼੍ਰੀ ਪਰਸੂਰਾਮ ਮੰਦਰ ਦੀ ਮਹਿਲਾ ਸੰਕੀਰਤਨ ਮੰਡਲ ਦੀ ਪ੍ਰਧਾਨ ਮੈਡਮ ਹੇਮਾ ਗੈਰੋਲਾ ਸਮੇਤ ਸਮੁੱਚੀ ਟੀਮ ਸਮੇਤ ਹੋਰ ਪਤਵੰਤੇ ਅਤੇ ਵੱਡੀ ਗਿਣਤੀ 'ਚ ਸ਼ਰਧਾਲੂ ਹਾਜ਼ਰ ਸਨ .ਇਸ ਮੌਕੇ ਜਾਣਕਾਰੀ ਦਿੰਦੇ ਮੰਦਿਰ ਦੇ ਉਪ ਪ੍ਰਧਾਨ ਨਵਲ ਕਿਸ਼ੋਰ ਸ਼ਰਮਾ, ਜਸਵਿੰਦਰ ਸ਼ਰਮਾ, ਸ਼ਿਵ ਸ਼ਰਨ ਸ਼ਰਮਾ, ਰਜਨੀਸ਼ ਗੌਤਮ, ਪ੍ਰਦੀਪ ਸ਼ਰਮਾ, ਪ੍ਰਵੀਨ ਸ਼ਰਮਾ ਅਤੇ ਪੂਰੀ ਟੀਮ ਨੇ ਦਸਿਆ ਕੇ ਸ਼ਹਿਰ ਵਾਸੀਆਂ ਅਤੇ ਸਰਵ ਸਮਾਜ ਡੀ ਭਲਾਈ ਲਈ ਸਵੇਰੇ 09 ਤੋਂ 10 ਵਜੇ ਤਕ ਹਵਨ ਕੀਤਾ ਗਿਆ ਹੈ .

**ਸਮਾਜ ਸੇਵੀ ਅਭਾ ਬਾਂਸਲ ਨੇ ਆਪਣੀ ਭੱਜਣ ਗਾਇਕੀ ਨਾਲ ਸਮੇਂ ਨੂੰ ਬਣਕੇ ਰੱਖਿਆ**

ਮੋਹਾਲੀ . ਪ੍ਰੋਗਰਾਮ ਦੌਰਾਨ ਗੁਰਦਿਆਲ ਸਿੰਘ ਪਾਜਲਾ ਸੰਕੀਰਤਨ ਮੰਡਲੀ ਸਮੇਤ ਹੋਰ ਭਜਨ ਮੰਡਲੀਆਂ ਤੋਂ ਇਲਾਵਾ ਜਦੋਂ ਸੰਗਤਾਂ ਦੀ ਅਪੀਲ 'ਤੇ ਸਮਾਜ ਸੇਵੀ ਨੇ ਆਪਣਾ ਭਜਨ ਗਾਇਨ ਸ਼ੁਰੂ ਕੀਤਾ ਤਾਂ ਇਕ ਤੋਂ ਬਾਅਦ ਇਕ ਗੀਤ ਸੁਣਾਉਣ ਦੀਆਂ ਬੇਨਤੀਆਂ ਆਉਣੀਆਂ ਸ਼ੁਰੂ ਹੋ ਗਈਆਂ ਅਤੇ ਮੈਡਮ ਆਭਾ ਬਾਂਸਲ ਨੇ ਅਜਿਹਾ ਸਮਾਂ ਬਣਿਆ ਕਿ ਭਗਤ ਕਈ ਦੇਰ ਭੱਜਣਾ ਤੇ ਝੂਮਦੇ ਨਜ਼ਰ ਆਏ . ਪ੍ਰੋਗਰਾਮ ਆਪਣੀ ਨਿਰਧਾਰਤ ਸਮਾਂ ਸੀਮਾ ਤੋਂ ਅੱਗੇ ਨਾਂ ਵਧਾਉਂਦੇ ਭਜਨ ਪ੍ਰੋਗਰਾਮ ਨੂੰ ਅੱਧ ਵਿਚਕਾਰ ਹੀ ਰੋਕ ਦਿੱਤਾ ਗਿਆ ਅਤੇ ਪਤਵੰਤਿਆਂ ਲਈ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ ਗਿਆ ਅਤੇ ਸ਼ਰਧਾਲੂਆਂ ਲਈ ਅਟੁੱਟ ਪੂਰੀਆਂ-ਛੋਲਿਆਂ, ਖੀਰ ਦੇ ਭੰਡਾਰੇ ਨੂੰ ਸ਼ੁਰੂ ਕੀਤਾ ਗਿਆ .

**ਮੰਦਰ ਦੇ ਸੰਸਥਾਪਕ ਮੈਂਬਰਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦਾ ਸਨਮਾਨ ਕੀਤਾ**

**ਮੋਹਾਲੀ।** ਜਿਸ ਸਥਾਨ 'ਤੇ ਅੱਜ ਭਗਵਾਨ ਸ਼੍ਰੀ ਪਰਸੂਰਾਮ ਮੰਦਰ ਅਤੇ ਸ਼ਨੀਧਾਮ ਦਾ ਵਿਸ਼ਾਲ ਮੰਦਰ ਬਣਿਆ ਹੋਇਆ ਹੈ, ਉਸ ਸਮੇਂ ਤੋਂ ਲੈ ਕੇ ਹੁਣ ਤੱਕ ਮੰਦਿਰ ਦੇ ਵਿਕਾਸ ਵਿੱਚ ਉਸ ਸਥਾਨ ਨੂੰ ਪ੍ਰਾਪਤ ਕਰਨ ਅਤੇ ਉਸ ਦੇ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਉਣ ਵਾਲੇ ਪਤਵੰਤਿਆਂ ਨੂੰ ਸਨਮਾਨਿਤ ਕੀਤਾ ਗਿਆ, ਵਿਸ਼ੇਸ਼ ਤੌਰ 'ਤੇ ਸ੍ਰੀਮਤੀ ਸ਼ਾਰਦਾ ਸ਼ੁਕਲਾ, ਸਵਿਤਾ ਸ਼ਰਮਾ, ਗੋਪਾਲ ਸ਼ਰਮਾ, ਬੀ.ਪੀ. ਪਾਠਕ, ਜੇ.ਪੀ.ਐੱਸ. ਰਿਸ਼ੀ, ਧਰਮਵੀਰ ਸਲਵਾਨ, ਮਨਮੋਹਨ ਦਾਦਾ ਗੈਸਟ ਔਫ ਓਨਰ ਵਜੋਂ ਸ਼ਾਮਲ ਹੋਏ। ਇਸ ਤੋਂ ਇਲਾਵਾ ਸ਼ਿਵ ਸ਼ਕਤੀ ਸੇਵਾ ਦਲ, ਮਾਂ ਅਨੰਪੂਰਨਾ ਸੇਵਾ ਸਮਿਤੀ ਮੋਹਾਲੀ ਸਮੇਤ ਸਮਾਜ ਸੇਵੀ ਸੰਸਥਾਵਾਂ, ਕਾਰਪੋਰੇਟਰਾਂ ਅਤੇ ਅਹੁਦੇਦਾਰਾਂ ਨੂੰ ਵੀ ਸਨਮਾਨਿਤ ਕੀਤਾ ਗਿਆ।

**ਭਗਵਾਨ ਪਰਸ਼ੂਰਾਮ ਜੀ ਦੇ ਮੰਦਿਰ ਨੇੜੇ ਜਲਦੀ ਹੀ ਬਣਾਇਆ ਜਾਵੇਗਾ ਚੌਕ : ਮੇਅਰ**

**ਮੋਹਾਲੀ।** ਇਸ ਦੌਰਾਨ ਮੰਦਰ ਕਮੇਟੀ ਅਤੇ ਸ਼੍ਰੀ ਬ੍ਰਾਹਮਣ ਸਭਾ ਮੁਹਾਲੀ ਦੇ ਅਹੁਦੇਦਾਰਾਂ ਨੇ ਮੰਦਰ ਦੇ ਨੇੜੇ ਭਗਵਾਨ ਸ਼੍ਰੀ ਪਰਸੂਰਾਮ ਚੌਕ ਬਣਾਉਣ ਦੀ ਮੰਗ ਕੀਤੀ ਅਤੇ ਮੇਅਰ ਨੇ ਉਨ੍ਹਾਂ ਦੀ ਮੰਗ ਨੂੰ ਪੂਰਾ ਕਰਦੇ ਹੋਏ ਕਿਹਾ ਕਿ ਜਲਦੀ ਹੀ ਮੰਦਰ ਦੇ ਨੇੜੇ ਭਗਵਾਨ ਸ਼੍ਰੀ ਪਰਸੂਰਾਮ ਚੌਕ ਵੀ ਬਣਾਇਆ ਜਾਵੇਗਾ। ਤਾਂ ਜੋ ਮੰਦਿਰ ਅਤੇ ਸ਼ਹਿਰ ਦੀ ਸੁੰਦਰਤਾ ਅਤੇ ਸ਼ੋਭਾ ਵਿੱਚ ਹੋਰ ਵਾਧਾ ਹੋ ਸਕੇ।

**ਬ੍ਰਾਹਮਣ ਦੀ ਖ਼ਵਾਇਆ ਗਿਆ ਬ੍ਰਹਮ ਭੋਜ,ਮੰਦਿਰ ਜੈਕਾਰਿਆਂ ਨਾਲ ਗੂੰਜ ਉੱਠਿਆ**

**ਮੋਹਾਲੀ।** ਮੰਦਿਰ ਵਿੱਚ ਕਰਵਾਏ ਗਏ ਵਿਸ਼ਾਲ ਪ੍ਰੋਗਰਾਮ ਦੌਰਾਨ ਮੁਹਾਲੀ ਸ਼ਹਿਰ ਦੇ ਵੱਖ-ਵੱਖ ਮੰਦਰਾਂ ਦੇ ਆਚਾਰੀਆ/ਪੁਜਾਰੀਆਂ ਅਤੇ ਬ੍ਰਾਹਮਣਾਂ ਦੇ ਪੈਰ ਧੋ ਕੇ, ਤਿਲਕ ਲਗਾ ਕੇ ਪ੍ਰਸ਼ਾਦ ਛਕਾਇਆ ਗਿਆ। ਇਸ ਦੌਰਾਨ ਮੰਦਿਰ ਪਰਿਸਰ ਭਗਵਾਨ ਪਰਸੂਰਾਮ ਦੇ ਜੈਕਾਰਿਆਂ ਨਾਲ ਗੂੰਜ ਉੱਠਿਆ ।ਪ੍ਰੋਗਰਾਮ ਦਾ ਮੰਚ ਸੰਚਾਲਨ ਚੇਅਰਮੈਨ ਰੋਮੇਸ਼ ਦੱਤ ਅਤੇ ਐਮ.ਪੀ ਕੌਸ਼ਿਕ ਨੇ ਸੁਚੱਜੇ ਢੰਗ ਨਾਲ ਕੀਤਾ।

# ਸਰਕਾਰੀ ਦਫਤਰਾਂ ਦੇ ਸਮੇਂ ''ਚ ਤਬਦੀਲੀ ਦਾ ਫੈਸਲਾ ਸ਼ਲਾਘਾਯੋਗ ਉਪਰਾਲਾ : ਵਿਧਾਇਕ ਸੰਤੋਸ਼ ਕਟਾਰੀਆ

**ਸਹੀਦ ਭਗਤ ਸਿੰਘ ਨਗਰ /ਰਮੇਸ ਸਰਮਾ/ਗੁਰਪ੍ਰੀਤ ਵਾਸ**



ਸਰਕਾਰੀ ਦਫਤਰਾ ਦਾ ਸਮ੍ਹਾਂ ਗਰਮੀ ਦੇ ਇਸ ਮੌਸਮ ਵਿੱਚ 2 ਮਈ ਤੋਂ ਤਬਦੀਲ ਕਰਕੇ ਜੋ ਸਵੇਰੇ 7:30 ਵਜੇਂ ਖੁੱਲਣ ਅਤੇ 2 ਵਜੇਂ ਬੰਦ ਕੀਤੇ ਜਾਣ ਦੇ ਫੁਰਮਾਨ ਨਾਲ ਬਿਜਲੀ ਦੀ ਬੱਚਤ ਦੇ ਇਸ ਨਿਵੇਕਲੇ ਫਾਰਮੂਲੇ ਨਾਲ ਜਿੱਥੇ ਬਿਜਲੀ ਦੀ ਬੱਚਤ ਹੋਵੇਗੀ ਉਥੇ ਹੀ ਲੋਕਾਂ ਨੂੰ ਵੀ ਗਰਮੀ ਤੋਂ ਰਾਹਤ ਮਿਲੇਗੀ । ਇਹਨਾਂ ਵਿਚਕਾਰਾ ਦਾ ਪ੍ਰਗਟਾਵਾ ਪੱਤਰਕਾਰ ਨਾਲ ਹਲਕਾ ਵਿਧਾਇਕ ਸੰਤੋਸ਼ ਕਟਾਰੀਆ ਵਲੋਂ ਕੀਤਾ ਗਿਆ ।ਵਿਧਾਇਕਾ ਕਟਾਰੀਆ ਨੇ ਅੱਗੇ ਆਖਿਆ ਕਿ ਆਮ ਆਦਮੀ ਪਾਰਟੀ ਦਾ ਮੁੱਖ ਏਜੰਡਾ ਹੀ ਲੋਕਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ ਤੇ ਹੱਲ ਕਰਨਾ ਹੈ ਅਤੇ ਪੰਜਾਬ ਨੂੰ ਖੁਸ਼ਹਾਲੀ ਵੱਲ ਤੋਰਨਾ ਹੈ। ਉਹਨਾ ਆਖਿਆ ਕਿ ਇਸ ਗੱਲ ਤੋਂ ਇਨਕਾਰ ਨਹੀ ਕੀਤਾ ਜਾ ਸਕਦਾ ਕਿ ਗਰਮੀ ਦੇ ਵੱਧਣ ਨਾਲ ਬਿਜਲੀ ਦੀ ਖਪਤ ਵਿੱਚ ਵੀ ਵਾਧਾ ਹੁੰਦਾ ਹੈ । ਅਜਿਹੇ ਹਾਲਤਾ ਨਾਲ ਨਜਿੱਠਣ ਲਈ ਅਤੇ ਲੋਕਾਂ ਨੂੰ ਗਰਮੀ ਤੋਂ ਰਾਹਤ ਦਵਾਉਣ ਲਈ ਨਿਰਵਿਘਨ ਬਿਜਲੀ ਸਪਲਾਈ ਦੇਣ ਦੀ ਵਚਨਵੱਧਤਾ ਨੂੰ ਪੂਰਾ ਕੀਤੇ ਜਾਣ ਲਈ ਲੋਕ ਹਿਤੈਸੀ ਭਗਵੰਤ ਸਿੰਘ ਮਾਨ ਵਲੋਂ ਸਰਕਾਰੀ ਦਫਤਰਾ ਦਾ ਸਮ੍ਹਾਂ ਤਬਦੀਲ ਕਰਕੇ ਸਵੇਰੇ ਸਾਢੇ ਸੱਤ ਵਜੇ ਖੁੱਲਣ ਅਤੇ 2 ਵਜੇਂ ਬੰਦ ਕੀਤੇ ਜਾਣ ਦਾ ਜੋ ਫੈਸਲਾ ਲਿਆ ਹੈ ਨਾਲ ਲੋਕਾਂ ਨੂੰ ਜਿੱਥੇ ਸਰਕਾਰੀ ਦਫਤਰਾ ਵਿੱਚ ਆਪਣੇ ਕੰਮ ਕਾਰ ਕਰਾਉਣ ਲਈ ਕੜਦੀ ਧੁੱਪ ਵਿੱਚ ਆਉਣ ਜਾਣ ਤੋਂ ਰਾਹਤ ਮਿਲੇਗੀ ਉਥੇ ਹੀ ਸਰਕਾਰੀ ਦਫਤਰਾ ਦੇ 2 ਵਜੇਂ ਬੰਦ ਹੋਣ ਕਾਰਨ ਬਿਜਲੀ ਖਪਤ ਦੀ ਵੀ ਵੱਡੀ ਬੱਚਤ ਹੋਵੇਗੀ ਕਿਉਂਕਿ ਦਫਤਰਾ ਵਿੱਚ ਵੱਡੀ ਗਿਣਤੀ ਵਿੱਚ ਪੱਖੇ , ਕੂਲਰ ਅਤੇ ਏਸੀ ਚੱਲਦੇ ਹੋਣ ਕਾਰਨ ਗਰਮੀ ਦੇ ਮੌਸਮ ਵਿੱਚ ਬਿਜਲੀ ਖਪਤ ਵੱਧ ਜਾਂਦੀ ਹੈ ਅਤੇ ਹੁਣ ਦਫਤਰ 2 ਵਜੇਂ ਬੰਦ ਹੋਣ ਕਾਰਨ ਇਹ ਖਪਤ ਨਹੀ ਹੋਵੇਗੀ , ਜਦ ਕਿ ਲੋਕਾਂ ਦੇ ਕੰਮ ਕਾਜ ਆਮ ਦਿਨਾਂ ਵਾਂਗੂ ਹੀ ਬਦਸਤੂਰ ਜਾਰੀ ਰਹਿਣਗੇ ।ਉਹਨਾਂ ਆਖਿਆ ਕਿ ਇਹ ਫੈਸਲਾ ਮੁਲਾਜਮ ਵਰਗ ਲਈ ਵੀ ਗਰਮੀ ਦੇ ਇਸ ਮੌਸਮ ਵਿੱਚ ਕਿਸੇ ਵਰਦਾਨ ਤੋਂ ਘੱਟ ਨਹੀ ਹੋਵੇਗਾ ਕਿਉਕਿ ਦਿਨ ਪ੍ਰਤੀ ਦਿਨ ਗਰਮੀ ਦਾ ਪ੍ਰਕੋਪ ਵੱਧਦਾ ਜਾ ਰਿਹਾ ਹੈ ਅਤੇ ਇਸ ਆਲਮੀ ਤਪਸ਼ ਵਿੱਚ ਮੁਲਾਜਮ ਵੀ ਸਮੇਂ ਦਫਤਰ ਬੰਦ ਹੋਣ ਕਾਰਨ ਸਮੇਂ ਸਿਰ ਆਪਣੇ ਘਰ ਜਾ ਕੇ ਗਰਮੀ ਤੋਂ ਆਪਣਾ ਬਚਾਅ ਕਰ ਸਕਣਗੇ ।ਅਖੀਰ ਵਿੱਚ ਆਪ ਦੇ ਜ਼ਿਲਾ ਮੀਡੀਆ ਇੰਚਾਰਜ ਚੰਦਰ ਮੋਹਨ ਜੇਡੀ ਨੇ ਲੋਕਾਂ ਨੂੰ ਅਪੀਲ ਕਰਦਿਆ ਆਖਿਆ ਕਿ ਸਰਕਾਰ ਦੀਆਂ ਕੋਸ਼ਿਸਾ ਵੀ ਉਦੋਂ ਹੀ ਪੂਰੀ ਤਰ੍ਹਾਂ ਸਫਲ ਹੋ ਸਕਦੀਆ ਹਨ ਜਦੋਂ ਆਮ ਲੋਕ ਵੀ ਇੰਝ ਹੀ ਬਿਜਲੀ ਬਚਾਉਣ ਲਈ ਅੱਗੇ ਆਉਣ । ਇਸ ਲਈ ਸਾਨੂੰ ਸਾਰਿਆ ਨੂੰ ਵੀ ਬਿਜਲੀ ਦੀ ਬੱਚਤ ਵਿੱਚ ਕਰਨ ਵਿੱਚ ਆਪਣਾ ਵੱਡਮੁੱਲਾ ਯੋਗਦਾਨ ਪਾਉਣਾ ਚਾਹੀਦਾ ਹੈ ਅਤੇ ਇਸ ਦੀ ਫਜੂਲ ਵਰਤੋਂ ਬੰਦ ਕਰਨੀ ਚਾਹੀਦੀ ਹੈ।

# ਸਤਲੁਜ ਦਰਿਆ ਅਤੇ ਬਿਸਤ ਦੋਆਬ ਨਹਿਰ ਵਿਚ ਨਹਾਉਣ 'ਤੇ ਪਾਬੰਦੀ

**ਸਹੀਦ ਭਗਤ ਸਿੰਘ ਨਗਰ /ਰਮੇਸ ਸਰਮਾ/ਗੁਰਪ੍ਰੀਤ ਵਾਸ**



ਜ਼ਿਲ੍ਹਾ ਮੈਜਿਸਟ੍ਰੇਟ ਸ਼ਹੀਦ ਭਗਤ ਸਿੰਘ ਨਗਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਲੋਕ ਹਿੱਤ ਨੂੰ ਮੁੱਖ ਰੱਖਦੇ ਹੋਏ ਫੌਜਦਾਰੀ ਜ਼ਾਬਤਾ ਸੰਘਤਾ ਦੀ ਧਾਰਾ 144 ਤਹਿਤ ਸਤਲੁਜ ਦਰਿਆ ਅਤੇ ਬਿਸਤ ਦੁਆਬ ਨਹਿਰ ਵਿਚ ਲੋਕਾਂ ਦੇ ਨਹਾਉਣ 'ਤੇ ਪਾਬੰਦੀ ਲਾਈ ਹੈ। ਜ਼ਿਲ੍ਹਾ ਮੈਜਿਸਟ੍ਰੇਟ ਅਨੁਸਾਰ ਨਹਾਉਣ ਵਕਤ ਵਾਪਰਦੇ ਹਾਦਸਿਆਂ ਕਾਰਨ ਕਈ ਪਰਿਵਾਰਾਂ ਦੇ ਅਣਮੁੱਲੇ ਜੀਅ ਮੌਤ ਦੀ ਭੇਟ ਚੜ੍ਹਨੋਂ ਰੋਕਣ ਲਈ ਇਹ ਕਦਮ ਚੁੱਕੇ ਗਏ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਹੁਕਮਾਂ ਦੀ ਉਲੰਘਣਾ ਕਰਨ ਵਾਲੇ ਖ਼ਿਲਾਫ਼ ਪੁਲਿਸ ਕਾਰਵਾਈ ਕੀਤੀ ਜਾਵੇਗੀ। ਇਹ ਹੁਕਮ 20 ਅਪਰੈਲ 2023 ਤੋਂ 19 ਜੂਨ 2023 ਤੱਕ ਲਾਗੂ ਰਹਿਣਗੇ।



ਸ੍ਰ ਸੁਰਜੀਤ ਸਿੰਘ ਜੈਪੁਰ ਤੇ ਉਹਨਾਂ ਦੇ ਪਰਿਵਾਰ ਵੱਲੋਂ ਮਹੰਤ ਗੁਲਾਬ ਸਿੰਘ ਜੀ 'ਸੇਵਾਪੰਥੀ ' ਦੀ 73ਵੀਂ ਬਰਸੀ ਅਤੇ ਸੰਤ ਭੁਪਿੰਦਰ ਸਿੰਘ ਜੀ 'ਸੇਵਾਪੰਥੀ' ਦੀ 20ਵੀਂ ਪਾਵਨ ਯਾਦ ਵਿੱਚ ਸਾਲਾਨਾ ਗੁਰ-ਮਤਿ ਸਮਾਗਮ ਅਤੇ ਯੱਗ -ਭੰਡਾਰੇ ਦੇ ਸ਼ੁੱਭ ਅਵਸਰ ਤੇ ਗੋਲਗੱਪਿਆਂ ਦਾ ਲੰਗਰ ਲਗਾਇਆ ਗਿਆ। ਪਰਿਵਾਰ ਦੇ ਮੈਂਬਰ ਆਪ ਸੇਵਾ ਕਰ ਰਹੇ ਹਨ। (ਫੋਟੋ ਤੇ ਵੇਰਵਾ: ਕਰਨੈਲ ਸਿੰਘ ਐੱਮ ਏ ਲੁਧਿਆਣਾ)

# ਨਵਾਂਸ਼ਹਿਰ ਵਿੱਚ ਬੇਗੋਵਾਲ ਤੇ ਤਲਵੰਡੀ ਸਿੱਬੂ ਦੀਆਂ ਜਨਤਕ ਰੇਤ ਖਾਣਾਂ ਸ਼ੁਰੂ ਹੋਣ ਬਾਅਦ ਜ਼ਿਲ੍ਹੇ 'ਚ ਜਨਤਕ ਰੇਤ ਖੱਡਾਂ ਦੀ ਗਿਣਤੀ 8 'ਤੇ ਪੁੱਜੀ

- ਪੰਜਾਬ ਸਰਕਾਰ ਦੇ 5.50 ਰੁਪਏ ਪ੍ਰਤੀ ਘਣ ਫੁੱਟ ਦੇ ਭਾਅ ਨੇ ਆਮ ਲੋਕਾਂ ਨੂੰ ਦਿੱਤੀ ਵੱਡੀ ਰਾਹਤ
- ਸਰਕਾਰ ਨੂੰ ਪਹਿਲੀਆਂ ਖੱਡਾਂ ਤੋਂ ਆਇਆ 2.25 ਕਰੋੜ ਰੁਪਏ ਦਾ ਮਾਲੀਆ

**ਸਹੀਦ ਭਗਤ ਸਿੰਘ ਨਗਰ /ਰਮੇਸ ਸਰਮਾ/ਗੁਰਪ੍ਰੀਤ ਵਾਸੂ**
ਪੰਜਾਬ ਸਰਕਾਰ ਵੱਲੋਂ ਸੂਬੇ 'ਚ ਆਮ ਲੋਕਾਂ ਨੂੰ ਸਸਤੀ ਰੇਤ ਮੁਹੱਈਆ ਕਰਵਾਉਣ ਦੇ ਉਪਰਾਲਿਆਂ ਤਹਿਤ ਜ਼ਿਲ੍ਹੇ 'ਚ ਕਲ੍ਹ ਦੋ ਹੋਰ ਜਨਤਕ ਰੇਤ ਖਾਣਾਂ ਬੇਗੋਵਾਲ ਅਤੇ ਤਲਵੰਡੀ ਸਿੱਬੂ ਦੇ ਸ਼ੁਰੂ ਹੋਣ ਨਾਲ ਜ਼ਿਲ੍ਹੇ ਵਿੱਚ ਜਨਤਕ ਰੇਤ ਖੱਡਾਂ ਦੀ ਗਿਣਤੀ 8 'ਤੇ ਪੁੱਜ ਗਈ ਹੈ। ਜ਼ਿਲ੍ਹਾ ਮਾਈਨਿੰਗ ਅਫ਼ਸਰ ਹੈਪੀ ਕੁਮਾਰ ਨੇ ਇਹ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਵੱਲੋਂ ਬੀਤੇ ਕਲ੍ਹ ਲੋਕ ਅਰਪਣ ਕੀਤੀਆਂ 20 ਜਨਤਕ ਰੇਤ ਖੱਡਾਂ 'ਚ ਨਵਾਂਸ਼ਹਿਰ ਦੀਆਂ ਵੀ ਦੋ ਖੱਡਾਂ ਸ਼ਾਮਿਲ ਹਨ। ਉਨ੍ਹਾਂ ਦੱਸਿਆ ਕਿ ਇਹ ਜਨਤਕ ਰੇਤ ਖਾਣਾਂ ਆਮ ਲੋਕਾਂ ਨੂੰ ਪਿੱਟ ਹੈੱਡ ਤੋਂ 5.50 ਰੁਪਏ ਪ੍ਰਤੀ ਕਿਊਬਿਕ ਫੁੱਟ ਰੇਤਾ ਮੁਹੱਈਆ ਕਰਵਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਪਿੱਟ ਹੈਡ ਤੋਂ ਭਰਾਈ ਸਬੰਧਤ ਟਰਾਲੀ ਮਾਲਕ ਦੀ ਆਪਣੀ ਹੋਵੇਗੀ। ਉਨ੍ਹਾਂ ਦੱਸਿਆ ਕਿ ਕਲ੍ਹ ਐਲਾਨੀਆਂ ਗਈਆਂ ਦੋ



ਨਵੀਆਂ ਜਨਤਕ ਰੇਤ ਖਾਣਾਂ ਬੇਗੋਵਾਲ ਤੇ ਤਲਵੰਡੀ ਸਿੱਬੂ ਤੋਂ ਇਲਾਵਾ ਜ਼ਿਲ੍ਹੇ 'ਚ ਖੋਜਾ, ਬੁਰਜ ਟਹਿਲ ਦਾਸ, ਰਤਨਾਣਾ, ਸੈਦਪੁਰ, ਫ਼ੂਲ ਮਕੌੜੀ ਤੇ ਔਲੀਆਪੁਰ ਰੇਤ ਖਾਣਾਂ ਪਹਿਲਾਂ ਤੋਂ ਹੀ ਚੱਲ ਰਹੀਆਂ ਹਨ। ਐਸ ਡੀ ਓ ਮਾਈਨਿੰਗ ਗੁਰਜੀਤ ਸਿੰਘ ਨੇ ਦੱਸਿਆ ਕਿ ਉਕਤ ਸਾਰੀਆਂ ਜਨਤਕ ਰੇਤ ਖਾਣਾਂ 'ਤੇ ਰੇਤ ਦੀ ਭਰਾਈ ਕੇਵਲ ਟ੍ਰਾਲੀਆਂ ਵਾਲੇ ਹੀ ਕਰ ਸਕਦੇ ਹਨ, ਉੱਥੇ ਟਿੱਪਰ ਆਦਿ ਰਾਹੀਂ ਭਰਾਈ ਕਰਨ ਦੀ ਪੂਰਣ ਮਨਾਹੀ ਹੈ। ਉਨ੍ਹਾਂ ਦੱਸਿਆ ਕਿ ਟ੍ਰਾਲੀਆਂ ਦਾ ਡਬਲ ਟਾਇਰੀ ਹੋਣਾ ਅਤੇ ਰੇਤ ਭਰਨ ਤੋਂ ਬਾਅਦ ਤਰਪਾਲ ਨਾਲ ਰੇਤ ਢੱਕਿਆ ਹੋਣਾ ਲਾਜ਼ਮੀ ਹੈ। ਉਨ੍ਹਾਂ ਅੱਗੇ ਦੱਸਿਆ ਕਿ ਹਰੇਕ ਜਨਤਕ ਰੇਤ ਖਾਣ 'ਤੇ ਵਿਭਾਗ ਦੇ ਜੇ ਈ, ਬੇਲਦਾਰ ਅਤੇ ਪੈਸਕੋ ਵੱਲੋਂ ਉਪਲਬਧ ਕਰਵਾਏ ਸਾਬਕਾ ਸੈਨਿਕ ਰੇਤ ਦੀ ਪੁਖਤਗੀ ਨਾਲ ਨਿਗਰਾਨੀ ਕਰ ਰਹੇ ਹਨ। ਜ਼ਿਲ੍ਹਾ ਮਾਈਨਿੰਗ ਅਫ਼ਸਰ ਹੈਪੀ ਕੁਮਾਰ ਅਨੁਸਾਰ ਜ਼ਿਲ੍ਹੇ 'ਚ ਜਨਤਕ ਰੇਤ ਖਾਣਾਂ ਤੋਂ ਇਲਾਵਾ ਏ ਡੀ ਬੀ ਰੈਲ, ਪਰਾਗਪੁਰ ਵਿਖੇ ਕਮਰਸ਼ੀਅਲ ਰੇਤ ਖਾਣਾਂ ਦੇ ਟੈਂਡਰ ਲੱਗੇ ਹੋਏ ਹਨ ਜਦਕਿ ਮੰਢਾਲਾ ਵਿਖੇ ਵੀ ਕਮਰਸ਼ੀਅਤ ਰੇਤ ਖੱਡ ਖੋਲ੍ਹਣ ਲਈ ਟੈਂਡਰਿੰਗ ਪ੍ਰਕਿਰਿਆ ਦੀ ਤਿਆਰੀ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ 'ਚ ਕਮਰਸ਼ੀਅਲ ਰੇਤ ਖੱਡਾਂ ਦੇ ਸ਼ੁਰੂ ਹੋਣ ਨਾਲ ਟਿੱਪਰ ਵੀ ਰੇਤ ਦੀ ਭਰਵਾਈ ਮਸ਼ੀਨੀ ਢੰਗ ਨਾਲ ਕਰਵਾ ਸਕਣਗੇ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ 'ਚ ਚੱਲ ਰਹੀਆਂ ਮੌਜੂਦਾ ਜਨਤਕ ਰੇਤ ਖਾਣਾਂ ਦਾ ਆਮ ਲੋਕਾਂ ਨੂੰ ਵੱਡਾ ਲਾਭ ਮਿਲ ਰਿਹਾ ਹੈ, ਜਿੱਥੋਂ ਉਨ੍ਹਾਂ ਨੂੰ ਆਪਣੇ ਵਾਹਨਾਂ 'ਤੇ ਭਰਾਈ ਦੇ ਖਰਚੇ ਤੋਂ ਬਿਨਾਂ 5.50 ਰੁਪਏ ਪ੍ਰਤੀ ਘਣ ਫੁੱਟ ਰੇਤ ਮਿਲ ਰਹੀ ਹੈ। ਉਨ੍ਹਾਂ ਦੱਸਿਆ ਕਿ ਕਲ੍ਹ ਸ਼ੁਰੀ ਹੋਈਆਂ ਦੋਵੇਂ ਜਨਤਕ ਰੇਤ ਖਾਣਾਂ ਨੂੰ ਛੱਡ ਕੇ ਬਾਕੀ ਦੀਆਂ ਰੇਤ ਖਾਣਾਂ ਤੋਂ ਰੋਜ਼ਾਨਾ 400 ਤੋਂ 450 ਟ੍ਰਾਲੀਆਂ ਰੇਤਾ ਭਰ ਕੇ ਜਾ ਰਹੀਆਂ ਹਨ। ਹੁਣ ਤੱਕ ਪਹਿਲੀਆਂ ਖਾਣਾਂ ਤੋਂ ਸਰਕਾਰ ਦੇ ਖਜ਼ਾਨੇ 'ਚ 2.25 ਕੋਰੜ ਰੁਪਏ ਦਾ ਮਾਲੀਆ ਆ ਚੁੱਕਾ ਹੈ।

# ਡਿਪਸ ਸਕੂਲ ਵਿਖੇ ਸੰਗੀਤਕ ਸਵੇਰ ਦਾ ਸਮਾਗਮ ਕਰਵਾਇਆ ਗਿਆ



**ਜਲੰਧਰ/ਰਾਕੇਸ਼ ਵਰਮਾ**
ਵਿਦਿਆਰਥੀਆਂ ਵਿੱਚ ਸੰਗੀਤ ਅਤੇ ਨ੍ਰਿਤ ਪ੍ਰਤੀ ਨਵਾਂ ਉਤਸ਼ਾਹ ਅਤੇ ਰੁਚੀ ਪੈਦਾ ਕਰਨ ਲਈ ਡਿਪਸ ਸਕੂਲ ਸੁਰਾਨੁੱਸੀ ਵਿਖੇ ਇੱਕ ਸੰਗੀਤਕ ਸਵੇਰ ਦਾ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿੱਚ ਡਿਪਸ ਸਕੂਲ ਦੀ ਸੀਈਓ ਮੋਨਿਕਾ ਮੰਡੋਤਰਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਸਕੂਲ ਦੀ ਪ੍ਰਿੰਸੀਪਲ ਰੇਣੂਕਾ ਗੁਲੇਰੀਆ ਨੇ ਸੀਈਓ ਮੋਨਿਕਾ ਮੰਡੋਤਰਾ ਦਾ ਫੁੱਲਾਂ ਨਾਲ ਸਵਾਗਤ ਕੀਤਾ। ਪ੍ਰੋਗਰਾਮ ਦੀ ਸ਼ੁਰੂਆਤ ਗਣੇਸ਼ ਵੰਦਨਾ ਨਾਲ ਕੀਤੀ ਗਈ। ਇਸ ਵਿੱਚ ਪਹਿਲੀ ਤੋਂ ਅੱਠਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੇ ਪੂਰੇ ਉਤਸ਼ਾਹ ਨਾਲ ਭਾਗ ਲਿਆ ਅਤੇ ਲੋਕ ਗੀਤ, ਭਾਰਤੀ ਅਤੇ ਪੱਛਮੀ ਗੀਤਾਂ 'ਤੇ ਫਿਊਜ਼ਨ ਬਹੁਤ ਹੀ ਵਧੀਆ ਢੰਗ ਨਾਲ ਪੇਸ਼ ਕੀਤਾ। ਬੱਚਿਆਂ ਨੇ ਦੇਸ਼ ਦੇ ਵੱਖ-ਵੱਖ ਰੰਗ, ਜ਼ਿੰਦਗੀ ਦੇ ਵੱਖ-ਵੱਖ ਪਹਿਲੂਆਂ ਰਾਹੀਂ ਸਭ ਦੇ ਸਾਹਮਣੇ ਪੇਸ਼ ਕੀਤਾ। ਬੱਚਿਆਂ ਨੇ ਦੇਸ਼ ਭਗਤੀ ਦੇ ਗੀਤ ਪੇਸ਼ ਕਰਕੇ ਦੇਸ਼ ਲਈ ਜਾਨਾਂ ਵਾਰਨ ਵਾਲੇ ਜਵਾਨਾਂ ਨੂੰ ਸ਼ਰਧਾਂਜਲੀ ਭੇਟ ਕੀਤੀ । ਸੀਈਓ ਮੋਨਿਕਾ ਮੰਡੋਤਰਾ ਨੇ ਸਾਰੇ ਵਿਦਿਆਰਥੀਆਂ ਦੀ ਉਨ੍ਹਾਂ ਦੀ ਪ੍ਰਤਿਭਾ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਗੀਤਾਂ ਦੇ ਅਭਿਆਸ ਦੇ ਨਾਲ-ਨਾਲ ਮਨ ਦਾ ਉਤਸ਼ਾਹ ਅਤੇ ਪ੍ਰਸੰਨਤਾ ਬਹੁਤ ਜ਼ਰੂਰੀ ਹੈ। ਸਟੇਜ 'ਤੇ ਗਾਉਂਦੇ ਸਮੇਂ ਸਾਨੂੰ ਲੋਕਾਂ ਨੂੰ ਭੁੱਲ ਕੇ ਆਪਣੀ ਖੁਸ਼ੀ ਦਾ ਖਿਆਲ ਰੱਖਣਾ ਚਾਹੀਦਾ ਹੈ, ਤਾਂ ਜੋ ਅਸੀਂ ਆਪਣੀ ਪ੍ਰਤਿਭਾ ਨੂੰ ਸਭ ਦੇ ਸਾਹਮਣੇ ਚੰਗੀ ਤਰ੍ਹਾਂ ਦਿਖਾ ਸਕੀਏ। ਪ੍ਰਿੰਸੀਪਲ ਰੇਣੂਕਾ ਗੁਲੇਰੀਆ ਨੇ ਇਸ ਪ੍ਰੋਗਰਾਮ ਲਈ ਸਕੂਲ ਦੇ ਸਮੁੱਚੇ ਸਟਾਫ਼ ਦਾ ਧੰਨਵਾਦ ਕੀਤਾ ਅਤੇ ਬੱਚਿਆਂ ਨਾਲ ਵਾਅਦਾ ਕੀਤਾ ਕਿ ਭਵਿੱਖ ਵਿੱਚ ਵੀ ਸਕੂਲ ਵਿੱਚ ਅਜਿਹੇ ਪ੍ਰੋਗਰਾਮ ਕਰਵਾਏ ਜਾਣਗੇ ਤਾਂ ਜੋ ਉਹ ਆਪਣੇ ਆਪ ਨੂੰ ਤਰੋਤਾਜ਼ਾ ਰੱਖ ਸਕਣ ਅਤੇ ਕੁਝ ਨਵਾਂ ਸਿੱਖ ਸਕਣ।

# ਨਾਇਬ ਸਿੰਘ ਸੈਣੀ ਨੇ ਓਬੀਸੀ ਭਾਈਚਾਰੇ ਅਤੇ ਹੋਰਨਾਂ ਨੂੰ ਭਾਜਪਾ ਉਮੀਦਵਾਰ ਅਟਵਾਲ ਦੇ ਹੱਕ ਵਿੱਚ ਵੋਟ ਪਾ ਕੇ ਪ੍ਰਧਾਨ ਮੰਤਰੀ ਮੋਦੀ ਦੇ ਹੱਥ ਮਜ਼ਬੂਤ ਕਰਨ ਦੀ ਕੀਤੀ ਅਪੀਲ

## 'ਪ੍ਰਧਾਨ ਮੰਤਰੀ ਮੋਦੀ ਨੇ ਓਬੀਸੀ ਕਮਿਸ਼ਨ ਦਾ ਗਠਨ ਕਰਕੇ ਦਿੱਤੀਆਂ ਸੰਵਿਧਾਨਕ ਸ਼ਕਤੀਆਂ: ਨਾਇਬ ਸਿੰਘ ਸੈਣੀ'

**ਜਲੰਧਰ /ਸਤਿੰਦਰ ਪਾਲ ਸਿੰਘ**
ਭਾਜਪਾ ਓ.ਬੀ.ਸੀ ਮੋਰਚਾ ਦੇ ਕੌਮੀ ਇੰਚਾਰਜ ਅਤੇ ਭਾਰਤੀ ਜਨਤਾ ਪਾਰਟੀ ਦੇ ਸੰਸਦ ਮੈਂਬਰ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਭਾਈ ਮੋਦੀ ਭਾਰਤ ਦੇ ਪਹਿਲੇ ਅਜਿਹੇ ਪ੍ਰਧਾਨ ਮੰਤਰੀ ਹਨ, ਜਿਨ੍ਹਾਂ ਨੇ ਕੈਬਨਿਟ ਮੀਟਿੰਗ ਵਿਚ ਬਿੱਲ ਪਾਸ ਕਰਕੇ ਉਸਨੂੰ ਲੋਕ ਸਭਾ ਅਤੇ ਰਾਜ ਸਭਾ ਵਿੱਚ ਪਾਸ ਕਰਵਾ ਕੇ ਰਾਸ਼ਟਰੀ ਓਬੀਸੀ ਕਮਿਸ਼ਨ ਦਾ ਗਠਨ ਕੀਤਾ ਅਤੇ ਇਸ ਨੂੰ ਸੰਵਿਧਾਨਕ ਸ਼ਕਤੀਆਂ ਵੀ ਦਿੱਤੀਆਂ ਅਤੇ ਓਬੀਸੀ ਕਮਿਸ਼ਨ ਦੇ ਚੇਅਰਮੈਨ ਨੂੰ ਕੈਬਨਿਟ ਮੰਤਰੀ ਦੇ ਬਰਾਬਰ ਦਰਜਾ ਦਿੱਤਾ, ਜਿਸ ਦਾ ਕਾਂਗਰਸ ਅਤੇ ਹੋਰ ਸਿਆਸੀ ਪਾਰਟੀਆਂ ਸ਼ੁਰੂ ਤੋਂ ਹੀ ਵਿਰੋਧ ਕਰਦੀਆਂ ਰਹੀਆਂ ਸਨ। ਭਾਜਪਾ ਚੋਣ ਦਫ਼ਤਰ ਲਾਜਪਤ ਨਗਰ ਵਿਖੇ ਉਲੀਕੀ ਗਈ ਪ੍ਰੈਸ ਕਾਨਫਰੰਸ ਦੌਰਾਨ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਘੱਟ ਗਿਣਤੀ ਭਾਈਚਾਰੇ ਲਈ ਇਹ ਬਹੁਤ ਹੀ ਮਾਣ ਵਾਲੀ ਗੱਲ ਹੈ। ਨਾਇਬ ਸਿੰਘ ਸੈਣੀ ਨੇ ਓ.ਬੀ.ਸੀ.ਸਮਾਜ ਦੇ ਲੋਕਾਂ



ਅਤੇ ਹੋਰਨਾਂ ਸਭਨਾਂ ਨੂੰ ਭਾਜਪਾ ਉਮੀਦਵਾਰ ਇੰਦਰ ਇਕਬਾਲ ਸਿੰਘ ਅਟਵਾਲ ਦੇ ਹੱਕ ਵਿੱਚ ਵੋਟ ਪਾ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਹੱਥ ਮਜ਼ਬੂਤ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਭਾਜਪਾ ਉਮੀਦਵਾਰ ਅਟਵਾਲ ਦੀ ਜਿੱਤ ਜਲੰਧਰ ਦੇ ਲੋਕਾਂ ਅਤੇ ਵਿਕਾਸ ਦੀ ਜਿੱਤ ਹੈ, ਜੋ ਕਿ ਆਉਣ ਵਾਲੇ ਕੱਲ ਵਿੱਚ ਇੱਕ ਮੀਲ ਪੱਥਰ ਸਾਬਤ ਹੋਵੇਗੀ। ਨਾਇਬ ਸਿੰਘ ਸੈਣੀ ਨੇ ਕਿਹਾ ਕਿ ਓ.ਬੀ.ਸੀ ਕਮਿਸ਼ਨ ਦੇ ਗਠਨ ਕਾਰਨ ਅੱਜ ਘੱਟ ਗਿਣਤੀ ਵਰਗ ਦੇ ਲੋਕ ਸਮਾਜ ਅਤੇ ਦੇਸ਼ ਦੇ ਵਿਕਾਸ ਵਿਚ ਮੋਢੇ ਨਾਲ ਮੋਢਾ ਜੋੜ ਕੇ ਚੱਲ ਰਹੇ ਹਨ ਅਤੇ ਇਸ ਦਾ ਸਿਹਰਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਨਾਂ ਦੀ ਅਗਵਾਈ ਵਾਲੀ ਕੇਂਦਰ ਦੀ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੂੰ ਜਾਂਦਾ ਹੈ ਇੰਨਾ ਹੀ ਨਹੀਂ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਓਬੀਸੀ ਸਮਾਜ ਦੇ ਵਿਦਿਆਰਥੀਆਂ ਲਈ ਕਈ ਸਕੀਮਾਂ ਸ਼ੁਰੂ ਕੀਤੀਆਂ ਗਈਆਂ ਹਨ, ਜਿਨ੍ਹਾਂ ਦਾ ਲਾਭ ਦੇਸ਼ ਦੇ ਓਬੀਸੀ ਸਮਾਜ ਦੇ ਵਿਦਿਆਰਥੀ ਲੈ ਰਹੇ ਹਨ, ਪਰ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਓ.ਬੀ.ਸੀ., ਦਲਿਤ ਸਮਾਜ ਆਦਿ ਦੇ ਵਿਦਿਆਰਥੀਆਂ ਨੂੰ ਇਸਦਾ ਕੋਈ ਲਾਭ ਨਹੀਂ ਦੇ ਰਹੀ। ਕੇਂਦਰ ਸਰਕਾਰ ਵੱਲੋਂ ਭੇਜੀ ਗਈ ਰਾਸ਼ੀ ਉਨ੍ਹਾਂ ਤੱਕ ਨਹੀਂ ਪਹੁੰਚਾ ਰਹੀ। ਜਿਸ ਕਾਰਨ ਇਨ੍ਹਾਂ ਵਿਦਿਆਰਥੀਆਂ ਦੀ ਪੜ੍ਹਾਈ ਦਾ ਬਹੁਤ ਨੁਕਸਾਨ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਜਨਤਾ ਨਾਲ ਝੂਠੇ ਵਾਅਦੇ ਕਰਕੇ ਸੱਤਾ ਵਿੱਚ ਆਉਣ ਤੋਂ ਬਾਅਦ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਹੁਣ ਖਾਸ ਆਦਮਿਆਂ ਦੀ ਸਰਕਾਰ ਬਣ ਗਈ ਹੈ। ਅੱਜ ਕੇਜਰੀਵਾਲ, ਭਗਵੰਤ ਮਾਨ ਅਤੇ ਉਨ੍ਹਾਂ ਦੇ ਮੰਤਰੀ ਅਤੇ ਵਿਧਾਇਕ ਸਖ਼ਤ ਸੁਰੱਖਿਆ ਹੇਠ ਰਹਿ ਰਹੇ ਹਨ ਅਤੇ ਵੀਵੀਆਈਪੀ ਟ੍ਰੀਟਮੈਂਟ ਦਾ ਆਨੰਦ ਮਾਣ ਰਹੇ ਹਨ। ਜਨਤਾ ਇਹਨਾਂ ਦੇ ਝੂਠ ਅਤੇ ਉਨ੍ਹਾਂ ਦੇ ਇਰਾਦਿਆਂ ਨੂੰ ਚੰਗੀ ਤਰ੍ਹਾਂ ਜਾਣ ਚੁੱਕੀ ਹੈ ਅਤੇ ਭਾਰਤੀ ਜਨਤਾ ਪਾਰਟੀ ਨੂੰ ਪੰਜਾਬ ਦੇ ਭਵਿਖ ਦੇ ਬਦਲ ਵਜੋਂ ਚੁਣ ਚੁੱਕੀ ਹੈ।
ਇਸ ਮੌਕੇ ਸੰਸਦ ਮੈਂਬਰ ਨਾਇਬ ਸਿੰਘ ਸੈਣੀ ਦੇ ਨਾਲ ਮੰਚ 'ਤੇ ਘੱਟ ਗਿਣਤੀ ਮੋਰਚਾ ਦੇ ਸੂਬਾ ਪ੍ਰਧਾਨ ਰਜਿੰਦਰ ਬਿੱਟਾ, ਅਨਿਲ ਸੱਚਰ, ਸੂਬਾ ਮੀਡੀਆ ਸਕੱਤਰ ਜਨਾਰਦਨ ਸ਼ਰਮਾ, ਰਮਨ ਪੱਬੀ, ਅਮਿਤ ਭਾਟੀਆ, ਸਤਨਾਮ ਬਿੱਟਾ ਆਦਿ ਵੀ ਹਾਜ਼ਰ ਸਨ।

# ਆਈਪੀਐੱਲ: ਪੰਜਾਬ ਕਿੰਗਜ਼ ਨੇ ਮੁੰਬਈ ਇੰਡੀਅਨਜ਼ ਨੂੰ 13 ਦੌੜਾਂ ਨਾਲ ਹਰਾਇਆ

**ਮੁੰਬਈ।** ਪੰਜਾਬ ਕਿੰਗਜ਼ ਨੇ ਇੰਡੀਅਨ ਪ੍ਰੀਮੀਅਰ ਲੀਗ ਟੀ-20 ਮੈਚ ਵਿੱਚ ਅੱਜ ਇਥੇ ਮੁੰਬਈ ਇੰਡੀਅਨਜ਼ ਨੂੰ 13 ਦੌੜਾਂ ਨਾਲ ਮਾਤ ਦਿੱਤੀ। ਪੰਜਾਬ ਨੇ 8 ਵਿਕਟਾਂ 'ਤੇ 214 ਦੋੜਾਂ ਬਣਾਈਆਂ ਤੇ ਨਿਰਧਾਰਤ ਓਵਰਾਂ ਵਿੱਚ ਮੁੰਬਈ ਦੀ ਟੀਮ ਦੇ 6 ਖਿਡਾਰੀਆਂ ਨੂੰ 201 ਦੌੜਾਂ ਦੇ ਸਕੋਰ 'ਤੇ ਰੋਕ ਦਿੱਤਾ। ਮੁੰਬਈ ਦੀ ਟੀਮ ਲਈ ਕੈਮਰੂਨ ਗਰੀਨ ਨੇ 67 ਅਤੇ ਸੂਰਿਆਕੁਮਾਰ ਯਾਦਵ ਨੇ 57 ਦੌੜਾਂ ਦੀ ਪਾਰੀ ਖੇਡੀ। ਪੰਜਾਬ ਦੀ ਟੀਮ ਲਈ ਅਰਸ਼ਦੀਪ ਸਿੰਘ ਨੇ ਚਾਰ ਵਿਕਟਾਂ ਲਈਆਂ।

# ਦੋ ਰੋਜ਼ਾ ਰੱਖਿਆ ਪ੍ਰਦਰਸ਼ਨੀ ਦਾ ਉਦਘਾਟਨ ਹੋਇਆ










**ਚੰਡੀਗੜ੍ਹ/ ਲੋਕ ਬਾਣੀ**

ਅਥਰਵ ਫਾਊਂਡੇਸ਼ਨ ਵੱਲੋਂ ਆਯੋਜਿਤ ਦੋ ਰੋਜ਼ਾ ਰੱਖਿਆ ਪ੍ਰਦਰਸ਼ਨੀ ਦਾ ਉਦਘਾਟਨ ਅੱਜ ਮਹਾਰਾਸ਼ਟਰ ਦੇ ਰਾਜਪਾਲ ਰਮੇਸ਼ ਬੈਸ ਨੇ ਕੋਰਾ ਕੇਂਦਰ ਗਰਾਊਂਡ, ਬੋਰੀਵਲੀ ਮੁੰਬਈ ਵਿਖੇ ਕੀਤਾ। ਇਸ ਮੌਕੇ ਅਥਰਵ ਫਾਊਂਡੇਸ਼ਨ ਦੇ ਪ੍ਰਧਾਨ ਅਤੇ ਬੋਰੀਵਲੀ ਦੇ ਵਿਧਾਇਕ ਸੁਨੀਲ ਰਾਣੇ ਸਮੇਤ ਰੱਖਿਆ ਬਲਾਂ ਦੇ ਸੀਨੀਅਰ ਅਧਿਕਾਰੀ ਅਤੇ ਕਈ ਉੱਘੇ ਅਤੇ ਸੇਵਾ-ਮੁਕਤ ਅਧਿਕਾਰੀ ਮੌਜੂਦ ਸਨ। ਪ੍ਰਦਰਸ਼ਨੀ ਵਿੱਚ ਭਾਰਤੀ ਰੱਖਿਆ ਬਲਾਂ ਦੇ ਅਤਿ-ਆਧੁਨਿਕ ਰੱਖਿਆ ਉਪਕਰਨਾਂ ਦੀ ਪ੍ਰਦਰਸ਼ਨੀ ਲਗਾਈ ਗਈ ਅਤੇ ਰੱਖਿਆ ਬਲਾਂ ਵਿੱਚ ਮੌਜੂਦ ਮੌਕਿਆਂ ਬਾਰੇ ਵੀ ਜਾਣਕਾਰੀ ਦਿੱਤੀ ਗਈ। ਫੌਜੀਆਂ ਦੀ ਬਹਾਦਰੀ ਦੀਆਂ ਅਣਗਿਣਤ ਕਹਾਣੀਆਂ ਨੂੰ ਆਡੀਓ-ਵਿਜ਼ੂਅਲ ਰਾਹੀਂ ਬਿਆਨ ਕੀਤਾ ਗਿਆ ਅਤੇ ਸ਼ਹੀਦ ਸੈਨਿਕਾਂ ਦੇ ਪਰਿਵਾਰਾਂ ਨੂੰ ਸਨਮਾਨਿਤ ਕੀਤਾ ਗਿਆ। ਅਥਰਵ ਫਾਊਂਡੇਸ਼ਨ ਵੱਲੋਂ ਸ਼ਹੀਦ ਜਵਾਨਾਂ ਦੀਆਂ ਬੇਟੀਆਂ ਨੂੰ ਸਿੱਖਿਆ ਲਈ ਮੁਫਤ ਲੈਪਟਾਪ ਵੀ ਵੰਡੇ ਗਏ। ਪ੍ਰਦਰਸ਼ਨੀ ਦਾ ਅਨੁਭਵ ਕਰਨ ਵਾਲੇ ਹਰ ਕੋਈ ਫੌਜ ਦੁਆਰਾ ਸ਼ਾਨਦਾਰ ਪ੍ਰਦਰਸ਼ਨੀ ਦੁਆਰਾ ਮੰਤਰਮੁਗਧ ਹੋ ਗਿਆ। ਦੇਸ਼ ਭਗਤੀ ਦੇ ਗੀਤਾਂ ਨੇ ਹਰ ਕਿਸੇ ਦੇ ਦਿਲ ਨੂੰ ਭਾਰਤ ਲਈ ਸਤਿਕਾਰ ਅਤੇ ਪਿਆਰ ਨਾਲ ਭਰ ਦਿੱਤਾ। ਅਥਰਵ ਫਾਊਂਡੇਸ਼ਨ ਦੇ ਵਲੰਟੀਅਰਾਂ ਨੇ ਵੱਖ-ਵੱਖ ਸਕੂਲਾਂ, ਕਾਲਜਾਂ, ਸੁਸਾਇਟੀਆਂ, ਪਾਰਕਾਂ ਦਾ ਦੌਰਾ ਕਰਕੇ ਲੋਕਾਂ ਨੂੰ ਪ੍ਰੋਗਰਾਮ ਬਾਰੇ ਜਾਣੂ ਕਰਵਾਇਆ ਅਤੇ ਸੱਦਾ ਦਿੱਤਾ।

# ਸੇਵਾਪੰਥੀ ਮਹਾਂਪੁਰਸ਼ਾਂ ਦੀ ਮੀਟਿੰਗ ਵਿੱਚ ਮੇਵਾ ਸਿੰਘ ਤੇ ਗੁਰਦੇਵ ਸਿੰਘ ਨੂੰ ' ਮਹੰਤ ' ਬਣਾਇਆ ਗਿਆ








**ਲੁਧਿਆਣਾ/ਕਰਨੈਲ ਸਿੰਘ ਐੱਮ ਏ**

ਸੇਵਾਪੰਥੀ ਸੰਪਰਦਾਇ ਦੇ ਪ੍ਰਮੁੱਖ ਸੇਵਾ ਕੇਂਦਰ ਗੁਰਦੁਆਰਾ ਟਿਕਾਣਾ ਭਾਈ ਜਗਤਾ ਜੀ ਸਾਹਿਬ ਗੋਨਿਆਣਾ ਮੰਡੀ ( ਬਠਿੰਡਾ) ਵਿਖੇ ਸ਼੍ਰੀਮਾਨ ਮਹੰਤ ਕਰਮਜੀਤ ਸਿੰਘ 'ਸੇਵਾਪੰਥੀ ' ਪ੍ਰਧਾਨ ਸੇਵਾਪੰਥੀ ਅੱਡਣ ਸ਼ਾਹੀ ਸਭਾ ਅਤੇ ਪ੍ਰਧਾਨ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਹੇਠ ਮੀਟਿੰਗ ਹੋਈ। ਮੀਟਿੰਗ ਵਿੱਚ ਡੇਰਾ ਸੰਤ ਅਮੀਰ ਸਿੰਘ ਜੀ ਸੱਤੋਵਾਲੀ ਗਲੀ ਅੰਮ੍ਰਿਤਸਰ ਦੇ ਮੁਖੀ ਬਾਰੇ ਅਤੇ ਟਿਕਾਣਾ ਭਾਈ ਰਾਮ ਕਿਸ਼ਨ ਜੀ ਸ਼ੇਰਾਂਵਾਲਾ ਗੇਟ ਪਟਿਆਲਾ ਬਾਰੇ ਵਿਸ਼ੇਸ਼ ਤੌਰ ਤੇ ਗੱਲਬਾਤ ਹੋਈ। ਮਹੰਤ ਕਰਮਜੀਤ ਸਿੰਘ ' ਸੇਵਾਪੰਥੀ' ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਮਿਲ ਕੇ ਜਲਦੀ ਹੱਲ ਕੱਢਿਆ ਜਾਵੇਗਾ। ਮੀਟਿੰਗ ਵਿੱਚ ਸੁੰਦਰ ਸਿੰਘ ਨੂੰ ਬਰਖਾਸਤ ਕਰਨ ਉਪਰੰਤ ਸੇਵਾਪੰਥੀ ਭੇਖ ਨੇ ਸਰਬਸੰਮਤੀ ਨਾਲ ਪੰਜ ਦਸਤਾਰਾਂ ਸਜਾ ਕੇ ਅਤੇ ਝਾੜੂ ਤੇ ਬਾਟਾ ਹੱਥ ਵਿੱਚ ਫੜਾ ਕੇ ਮੇਵਾ ਸਿੰਘ ਨੂੰ ਟਿਕਾਣਾ ਭਾਈ ਰਾਮ ਕਿਸ਼ਨ ਜੀ ਸ਼ੇਰਾਂਵਾਲਾ ਗੇਟ ਪਟਿਆਲਾ ਦਾ 'ਮਹੰਤ ' ਨਿਯੁਕਤ ਕੀਤਾ। ਇਸੇ ਤਰ੍ਹਾਂ ਮਹੰਤ ਫਾਗਣ ਸਿੰਘ ਜੀ ਸੇਵਾਪੰਥੀ ਜੋ ਲੰਮੇਰੀ ਉਮਰ ਹੋਣ ਕਰਕੇ ਸੇਵਾ ਦੇ ਕਾਰਜਾਂ ਵਿੱਚ ਸਹਿਯੋਗ ਦੀ ਲੋੜ ਨੂੰ ਮਹਿਸੂਸ ਕਰਦਿਆਂ ਸੇਵਾਪੰਥੀ ਮਹਾਂਪੁਰਸ਼ਾਂ ਨੂੰ ਬੇਨਤੀ ਕਰਦਿਆਂ ਗੁਰਦੇਵ ਸਿੰਘ ਨੂੰ' ਪੰਜ ਦਸਤਾਰਾਂ ਬੰਨ੍ਹ ਕੇ ਅਤੇ ਝਾੜੂ ਤੇ ਬਾਟਾ ਹੱਥ ਵਿੱਚ ਫੜਾ ਕੇ ਡੇਰਾ ਭਾਈ ਬੁੱਧੂ ਸਾਹਿਬ ਜੀ ਚਰਨਜੀਤਪੁਰਾ ਸਬਜ਼ੀ ਮੰਡੀ ਜਲੰਧਰ ਦਾ 'ਮਹੰਤ' ਥਾਪਿਆ। ਮੀਟਿੰਗ ਵਿੱਚ ਮਹੰਤ ਕਰਮਜੀਤ ਸਿੰਘ' ਸੇਵਾਪੰਥੀ ' ਯਮੁਨਾਨਗਰ ਪ੍ਰਧਾਨ, ਮਹੰਤ ਕਾਹਨ ਸਿੰਘ 'ਸੇਵਾਪੰਥੀ ' ਗੋਨਿਆਣਾ ਮੰਡੀ ਮੀਤ ਪ੍ਰਧਾਨ, ਮਹੰਤ ਚਮਕੌਰ ਸਿੰਘ ' ਸੇਵਾਪੰਥੀ ' ਪਟਿਆਲਾ ਜਨਰਲ ਸਕੱਤਰ, ਮਹੰਤ ਸੁਰਿੰਦਰ ਸਿੰਘ 'ਸੇਵਾਪੰਥੀ' ਅੰਮ੍ਰਿਤਸਰ ਸਕੱਤਰ, ਮਹੰਤ ਫਾਗਣ ਸਿੰਘ' 'ਸੇਵਾਪੰਥੀ ' ਜਲੰਧਰ, ਮਹੰਤ ਬਖਸ਼ੀਸ਼ ਸਿੰਘ 'ਸੇਵਾਪੰਥੀ' ਅੰਮ੍ਰਿਤਸਰ, ਮਹੰਤ ਮਹਿੰਦਰ ਸਿੰਘ' ਸੇਵਾਪੰਥੀ ' ਦਿੱਲੀ ਦਾ ਸੇਵਾਦਾਰ ਭੁਪਿੰਦਰ ਸਿੰਘ ਸੋਨੂੰ, ਮਹੰਤ ਜਗਜੀਤ ਸਿੰਘ 'ਸੇਵਾਪੰਥੀ ' ਸਹਾਰਨਪੁਰ ਸੰਤ ਆਸ਼ੀਸ਼ ਸ਼ਾਸਤਰੀ 'ਸੇਵਾਪੰਥੀ ' ਕੈਥਲ ( ਹਰਿਆਣਾ) , ਸੰਤ ਰਣਜੀਤ ਸਿੰਘ ' 'ਸੇਵਾਪੰਥੀ ' ਕਲਾਨੌਰ, ਸੰਤ ਹਰਵਿੰਦਰ ਸਿੰਘ ' ਸੇਵਾਪੰਥੀ' ਅੰਮ੍ਰਿਤਸਰ, ਸੰਤ ਗੁਰਮੀਤ ਸਿੰਘ ਤਿਲੋਕੇਵਾਲਾ ਮੈਂਬਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਹਾਜ਼ਰ ਸਨ। ਮਹੰਤ ਕਾਹਨ ਸਿੰਘ ਤੇ ਸੰਤ ਰਣਜੀਤ ਸਿੰਘ ਜੀ' ਸੇਵਾਪੰਥੀ' ਨੇ ਮਹਾਂਪੁਰਸ਼ਾਂ ਨੂੰ ਸਿਰੋਪਾਓ ਬਖਸ਼ਿਸ਼ ਕੀਤੇ।

# ਚੰਡੀਗੜ੍ਹ ਦੇ ਕਲਾਕਾਰ ਹੁਸਨ, ਜਕਸਧਾ, ਅਰਸ਼ ਸਰਪਾਲ ਅਤੇ ਸਪਿਨਰ ਨੇ ਤਿੰਨ ਦਮਦਾਰ ਗੀਤਾਂ ਦੇ ਨਾਲ ਈਪੀ 'ਡਿਜਰਵ' ਰਿਲੀਜ ਕੀਤਾ

**ਦਮਦਾਰ ਅਵਾਜ, ਮਨੋਰਮ ਗੀਤ ਦੇ ਸ਼ਬਦ ਅਤੇ ਥਿਰਕਾਉਣ ਵਾਲੀ ਬੀਟਸ: ਹੁਸਨ, ਜਕਸਧਾ, ਅਰਸ਼ ਸਰਪਾਲ ਅਤੇ ਸਪਿਨਰ ਦਾ ਈਪੀ 'ਡਿਜਰਵ' ਇੱਕ ਅਲਟੀਮੇਟ ਪੈਕੇਜ ਹੈ .**

**ਚੰਡੀਗੜ੍ਹ/ ਲੋਕ ਬਾਣੀ**




ਪੰਜਾਬੀ ਪੌਪ ਅਤੇ ਹਿਪ ਹਾਪ ਦੇ ਮਸਾਲੇਦਾਰ ਮਿਸ਼ਰਣ ਦੇ ਨਾਲ ਪੰਜਾਬੀ ਸੰਗੀਤ ਜਗਤ 'ਚ ਆਪਣੀ ਪਛਾਣ ਬਣਾਉਣ ਦੇ ਲਈ ਤਿਆਰ, ਚੰਡੀਗੜ੍ਹ ਦੇ ਕਲਾਕਾਰ ਹੁਸਨ, ਜਕਸਧਾ, ਅਰਸ਼ ਸਰਪਾਲ ਅਤੇ ਸਪਿਨਰ ਨੇ ਤਿੰਨ ਦਮਦਾਰ ਗੀਤਾਂ ਦੇ ਨਾਲ ਈਪੀ 'ਡਿਜਰਵ' ਰਿਲੀਜ ਕੀਤਾ ਹੈ . ਸੋਨੀ ਮਿਊਜਿਕ ਦੇ ਸਹਿਯੋਗ ਨਾਲ ਰਿਲੀਜ ਕੀਤਾ ਗਿਆ 'ਡਿਜਰਵ' ਪੰਜਾਬੀ ਸੰਗੀਤ ਪਸੰਦ ਕਰਨ ਵਾਲੇ ਹਰ ਵਿਅਕਤੀ ਨੂੰ ਜਰੂਰ ਸੁਣਨਾ ਚਾਹੀਦਾ ਹੈ, ਜਿਹੜੇ ਅਰਬਨ ਪੰਜਾਬੀ ਹਿਪ ਹਾਪ ਦੀ ਖਿਰਕਾਉਣ ਵਾਲੀ ਅਵਾਜ ਦਾ ਆਨੰਦ ਮਾਣਨਾ ਚਾਹੁੰਦੇ ਹਨ . ਤਿੰਨ ਹਾਈ ਵੋਲਟੇਜ ਗੀਤਾਂ 'ਲੋ ਰਾਈਡ', 'ਨੋ ਬੈਨੀਫਿਟਸ' ਅਤੇ 'ਟਾਪ ਬਾਯ' ਹੁਸਨ ਅਤੇ ਜਕਸਧਾ ਦੇ ਦਮਦਾਰ ਵੋਕਲਸ, ਅਰਸ਼ ਸਰਪਾਲ ਦੇ ਮਨੋਰਮ ਪੰਜਾਬੀ ਗੀਤ ਅਤੇ ਸਪਿਨਰ ਦੇ ਸ਼ਕਤੀਸ਼ਾਲੀ ਪ੍ਰੋਡਕਸ਼ਨ 'ਡਿਜਰਵ' ਦੇ ਨਾਲ ਪੰਜਾਬੀ ਸੰਗੀਤ ਪ੍ਰੇਮੀਆਂ ਨੂੰ ਇਸਨੂੰ ਸੁਣਨ ਦੇ ਲਈ ਮਜਬੂਰ ਕਰਦਾ ਹੈ . ਹਾਈ ਐਨਰਜੀ ਬੀਟਸ ਅਤੇ ਆਕਰਸ਼ਕ ਹੁੱਕ ਦੇ ਨਾਲ ਇਹ ਈਪੀ ਕਿਸੇ ਵੀ ਮੌਕੇ ਦੇ ਲਈ ਇਕਦਮ ਸਹੀ ਹੈ, ਚਾਹੇ ਤੁਸੀਂ ਜਿੰਮ ਜਾ ਰਹੇ ਹੋਵੋ ਜਾਂ ਆਪਣੀ ਕਾਰ 'ਚ ਘੁੰਮਣ ਜਾ ਰਹੇ ਹੋਵੋ . ਡਿਜਰਵ ਨੌਜਵਾਨਾਂ ਕਲਾਕਾਰਾਂ ਦੇ ਜੋਸ਼ੀਲੇ ਅਤੇ ਕੁਦਰਤੀ ਹੁਨਰ ਨੂੰ ਦਿਖਾਉਂਦਾ ਹੈ, ਜਿਹੜੇ ਸਿੱਧੂ ਮੂਸੇਵਾਲਾ ਅਤੇ ਜਾਰਡਨ ਸੰਧੂ ਦੀਆਂ ਸ਼ੈਲੀਆਂ ਤੋਂ ਪ੍ਰੇਰਿਤ ਹਨ . ਐਲਬਮ ਦੇ ਲਾਂਚ ਬਾਰੇ ਗੱਲਬਾਤ ਕਰਦੇ ਹੋਏ ਹੁਸਨ ਨੇ ਕਿਹਾ, 'ਅਸੀਂ ਕੁਝ ਅਜਿਹਾ ਬਣਾਉਣਾ ਚਾਹੁੰਦੇ ਸੀ ਜਿਸਨੂੰ ਸਾਰੇ ਸੁਣਨਾ ਪਸੰਦ ਕਰਨ ਅਤੇ ਕੁਝ ਅਜਿਹਾ ਜਿਹੜਾ ਸਾਡੇ ਅਸਲੀ ਪੰਜਾਬੀ ਸੰਗੀਤ ਸੱਭਿਆਚਾਰ ਦੀ ਅਗਵਾਈ ਕਰਦਾ ਹੋਵੇ . ਇੱਕ ਮਾਡਰਨ, ਅਰਬਨ ਟੱਚ ਦੇ ਨਾਲ ਅਸੀਂ ਇਸ ਈਪੀ ਨੂੰ ਬਹੁਤ ਜਨੂੰਨ ਅਤੇ ਦਿਲੋਂ ਬਣਾਇਆ ਹੈ . ਅਸੀਂ ਸਾਰੇ ਐਨਾ ਚਾਹੁੰਦੇ ਹਾਂ ਕਿ ਸਾਡੇ ਸਰੋਤੇ ਲੂਪ 'ਤੇ ਗੀਤਾਂ ਨੂੰ ਸੁਣਦੇ ਹੋਏ ਭਰਪੂਰ ਆਨੰਦ ਮਾਣ ਸਕਣ।

# ਸ਼ਹੀਦ ਹੌਲਦਾਰ ਮਨਦੀਪ ਸਿੰਘ ਦਾ ਅੱਜ ਪਿੰਡ ਚਣਕੋਈਆਂ ਕਲਾਂ (ਪਾਇਲ) ਵਿਖੇ ਪੂਰੇ ਸੈਨਿਕ ਸਨਮਾਨਾਂ ਨਾਲ ਹੋਇਆ ਅੰਤਿਮ ਸੰਸਕਾਰ

**● ਮੁੱਖ ਮੰਤਰੀ ਪੰਜਾਬ ਸ੍ਰੀ ਭਗਵੰਤ ਮਾਨ ਵੱਲੋ ਸ਼ਹੀਦ ਹੌਲਦਾਰ ਮਨਦੀਪ ਸਿੰਘ ਦੇ ਪਰਿਵਾਰ ਨਾਲ ਟੈਲੀਫੋਨ ਤੇ ਗੱਲਬਾਤ ਕਰਕੇ ਕੀਤਾ ਦੁੱਖ ਸਾਂਝਾ● ਪੰਜਾਬ ਸਰਕਾਰ ਦੀ ਤਰਫੋਂ ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ ਅਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਡਿਪਟੀ ਕਮਿਸ਼ਨਰ ਸੁਰਭੀ ਮਲਿਕ ਵੱਲੋਂ ਸ਼ਹੀਦ ਹੌਲਦਾਰ ਮਨਦੀਪ ਸਿੰਘ ਨੂੰ ਕੀਤੀ ਸ਼ਰਧਾਂਜਲੀ ਭੇਂਟ**







**ਲੁਧਿਆਣ/ਸੁਖਚੈਨ ਮਹਿਰਾ**
ਫੌਜ ਦੀ 49 ਆਰ.ਆਰ (ਸਿਖਲਾਈ) ਬਟਾਲੀਅਨ ਦੇ ਹੌਲਦਾਰ ਮਨਦੀਪ ਸਿੰਘ ਦੀ ਮ੍ਰਿਤਕ ਦੇਹ, ਜਿਨ੍ਹਾਂ ਨੇ ਜੰਮੂ-ਕਸ਼ਮੀਰ ਪੁੰਛ ਨੈਸ਼ਨਲ ਹਾਈਵੇ ਤੇ ਤੋਤਾ ਗਲੀ ਵਿੱਚ ਅੱਤਵਾਦੀ ਹਮਲੇ ਦੌਰਾਨ ਸ਼ਹੀਦੀ ਪਾਈ, ਦਾ ਅੰਤਿਮ ਸੰਸਕਾਰ ਪਿੰਡ ਚਣਕੋਈਆਂ ਕਲਾਂ, ਤਹਿਸੀਲ ਪਾਇਲ, ਜ਼ਿਲ੍ਹਾ ਲੁਧਿਆਣਾ ਵਿੱਚ ਪੂਰੇ ਸੈਨਿਕ ਸਨਮਾਨਾਂ ਨਾਲ ਕੀਤਾ ਗਿਆ ਅਤੇ ਸੈਨਾ ਦੀਆਂ ਟੁਕੜੀਆਂ ਵੱਲੋ ਹੌਲਦਾਰ ਮਨਦੀਪ ਸਿੰਘ ਦੀ ਮ੍ਰਿਤਕ ਦੇਹ ਨੂੰ ਅੰਤਿਮ ਵਿਦਾਈ ਦਿੱਤੀ। ਸ਼ਹੀਦ ਹੌਲਦਾਰ ਮਨਦੀਪ ਸਿੰਘ ਆਪਣੇ ਪਿੱਛੇ ਮਾਤਾ ਸ੍ਰੀਮਤੀ ਬਲਵਿੰਦਰ ਕੌਰ, ਪਤਨੀ ਜਗਦੀਪ ਕੌਰ (36 ਸਾਲ), ਪੁੱਤਰ ਕਰਨਦੀਪ ਸਿੰਘ (8 ਸਾਲ) ਅਤੇ ਪੁੱਤਰੀ ਖੁਸ਼ਦੀਪ ਕੌਰ (11 ਸਾਲ) ਛੱਡ ਗਏ ਹਨ। ਮੁੱਖ ਮੰਤਰੀ ਪੰਜਾਬ ਸ੍ਰੀ ਭਗਵੰਤ ਮਾਨ ਵੱਲੋ ਸ਼ਹੀਦ ਹੌਲਦਾਰ ਮਨਦੀਪ ਸਿੰਘ ਦੇ ਪਰਿਵਾਰ ਨਾਲ ਟੈਲੀਫੋਨ ਤੇ ਗੱਲਬਾਤ ਕਰਕੇ ਦੁੱਖ ਸਾਂਝਾ ਕੀਤਾ ਗਿਆ ਅਤੇ ਪਰਿਵਾਰ ਨੂੰ ਪੰਜਾਬ ਸਰਕਾਰ ਵੱਲੋਂ ਹਰ ਸੰਭਵ ਮੱਦਦ ਦੇਣ ਦਾ ਭਰੋਸਾ ਦਿੱਤਾ ਗਿਆ।

ਪੰਜਾਬ ਸਰਕਾਰ ਵੱਲੋਂ ਪਾਇਲ ਹਲਕਾ ਦੇ ਵਿਧਾਇਕ ਸ੍ਰੀ ਮਨਵਿੰਦਰ ਸਿੰਘ ਗਿਆਸਪੁਰਾ ਅਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਡਿਪਟੀ ਕਮਿਸ਼ਨਰ ਸ੍ਰੀਮਤੀ ਸੁਰਭੀ ਮਲਿਕ ਅਤੇ ਪੁਲਿਸ ਪ੍ਰਸ਼ਾਸ਼ਨ ਵੱਲੋਂ ਸੀਨੀਅਰ ਪੁਲਿਸ ਕਪਤਾਨ ਖੰਨਾ ਅਮਨੀਤ ਕੋਂਡਲ ਨੇ ਸ਼ਹੀਦ ਹੌਲਦਾਰ ਮਨਦੀਪ ਸਿੰਘ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਤੋਂ ਇਲਾਵਾ ਡਾਇਰੈਕਟਰ ਰੱਖਿਆ ਸੇਵਾਵਾਂ ਭਲਾਈ ਵਿਭਾਗ ਪੰਜਾਬ ਬ੍ਰਿਗੇਡੀਅਰ ਸ੍ਰੀ ਭੁਪਿੰਦਰ ਸਿੰਘ ਢਿੱਲੋਂ ਅਤੇ ਉਪ ਮੰਡਲ ਮੈਜਿਸਟ੍ਰੇਟ ਸ੍ਰੀਮਤੀ ਜਸਲੀਨ ਕੌਰ ਭੁੱਲਰ ਵੱਲੋਂ ਵੀ ਸ਼ਹੀਦ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਹਲਕਾ ਪਾਇਲ ਦੇ ਵਿਧਾਇਕ ਸ੍ਰੀ ਮਨਵਿੰਦਰ ਸਿੰਘ ਗਿਆਸਪੁਰਾ ਨੇ ਇਸ ਮੌਕੇ ਤੇ ਪਹੁੰਚ ਕੇ ਪਰਿਵਾਰ ਨਾਲ ਦੁੱਖ ਸਾਂਝਾ ਕਰਦੇ ਹੋਏ ਕਿਹਾ ਕਿ ਅੱਜ ਜੇਕਰ ਅਸੀਂ ਆਜ਼ਾਦੀ ਦਾ ਸਾਹ ਲੈ ਰਹੇ ਹਾਂ ਤਾਂ ਇਹਨਾਂ ਫੌਜੀ ਜਵਾਨ ਸ਼ਹੀਦਾਂ ਦੀ ਬਦੌਲਤ ਹਾਂ। ਉਹਨਾਂ ਕਿਹਾ ਕਿ ਅਸੀਂ ਹੌਲਦਾਰ ਮਨਦੀਪ ਸਿੰਘ ਦੀ ਸ਼ਹੀਦੀ ਨੂੰ ਕਰੋੜਾਂ ਵਾਰ ਨਮਨ ਕਰਦੇ ਹਾਂ। ਉਹਨਾਂ ਕਿਹਾ ਕਿ ਅੱਜ ਸਵੇਰੇ ਉਹਨਾਂ ਦੀ ਮੁੱਖ ਮੰਤਰੀ ਪੰਜਾਬ ਸ੍ਰੀ ਭਗਵੰਤ ਮਾਨ ਨਾਲ ਗੱਲਬਾਤ ਹੋਈ ਹੈ ਜਿਸ ਦੌਰਾਨ ਉਹਨਾਂ ਕਿਹਾ ਹੈ ਕਿ ਉਹਨਾਂ ਦੀ ਤਰਫੋਂ ਪਰਿਵਾਰ ਨਾਲ ਦੁੱਖ ਸਾਂਝਾ ਕਰਨਾ, ਉਹਨਾਂ ਦੇ ਦੁੱਖ ਵਿੱਚ ਸ਼ਰੀਕ ਹੋਣਾ ਅਤੇ ਪੰਜਾਬ ਸਰਕਾਰ ਵੱਲੋਂ ਵਿੱਤੀ ਸਹਾਇਤਾ ਲਈ ਪਰਿਵਾਰ ਨੂੰ 1 ਕਰੋੜ ਰੁਪਏ ਦੀ ਰਾਸ਼ੀ ਬਹੁਤ ਹੀ ਜਲਦ ਪਹੁੰਚਾਈ ਜਾਵੇਗੀ। ਉਹਨਾਂ ਕਿਹਾ ਕਿ ਸ਼ਹੀਦ ਪਰਿਵਾਰ ਲਈ ਇਹ ਇੱਕ ਤੁੱਛ ਜਿਹੀ ਭੇਟਾ ਹੈ। ਸ਼ਹੀਦ ਜਵਾਨਾਂ ਦੀ ਸ਼ਹੀਦੀ ਅੱਗੇ ਕੁਝ ਵੀ ਕਹਿ ਨਹੀਂ ਸਕਦੇ ਕਿਉਂਕਿ ਇਹਨਾਂ ਦੀ ਬਦੌਲਤ ਹੀ ਅੱਜ ਅਸੀਂ ਸਿਰ ਉੱਚਾ ਕਰਕੇ ਜਿਊਂਦੇ ਹਾਂ। ਉਹਨਾਂ ਕਿਹਾ ਕਿ ਇਸ ਪਰਿਵਾਰ ਦੇ ਅੱਗੇ ਮੇਰਾ ਸਿਰ ਨਮਨ ਹੁੰਦਾ ਹੈ। ਇਸ ਪਰਿਵਾਰ ਦੇ ਨਾਲ ਅਸੀਂ ਚਟਾਨ ਵਾਂਗ ਖੜ੍ਹੇ ਹਾਂ ਕੋਈ ਵੀ ਦੁੱਖ ਤਕਲੀਫ ਇਸ ਪਰਿਵਾਰ ਨੂੰ ਨਹੀਂ ਆਉਣ ਦੇਵਾਂਗੇ। ਉਹਨਾਂ ਕਿਹਾ ਕਿ ਹੌਲਦਾਰ ਮਨਦੀਪ ਸਿੰਘ ਦੀ ਯਾਦਗਾਰ ਬਣਾਉਣ ਸਬੰਧੀ ਫੈਸਲਾ ਵੀ ਪਰਿਵਾਰ ਦੀ ਸਲਾਹ ਅਨੁਸਾਰ ਹੀ ਲਿਆ ਜਾਵੇਗਾ। ਡਿਪਟੀ ਕਮਿਸ਼ਨਰ ਸ੍ਰੀਮਤੀ ਸੁਰਭੀ ਮਲਿਕ ਨੇ ਹੌਲਦਾਰ ਮਨਦੀਪ ਸਿੰਘ ਦੀ ਮਾਤਾ ਸ੍ਰੀਮਤੀ ਬਲਵਿੰਦਰ ਕੌਰ, ਪਤਨੀ ਜਗਦੀਪ ਕੌਰ ਨਾਲ ਦੁੱਖ ਸਾਂਝਾ ਕਰਦੇ ਹੋਏ ਕਿਹਾ ਕਿ ਪੰਜਾਬ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਹਮੇਸ਼ਾ ਪਰਿਵਾਰ ਦੀ ਮੱਦਦ ਲਈ ਤੱਤਪਰ ਰਹੇਗਾ। ਡਿਪਟੀ ਕਮਿਸ਼ਨਰ ਨੇ ਸ਼ਹੀਦ ਦੇ ਬੱਚਿਆਂ ਪੁੱਤਰ ਕਰਨਦੀਪ ਸਿੰਘ ਅਤੇ ਪੁੱਤਰੀ ਖੁਸ਼ਦੀਪ ਕੌਰ ਨੂੰ ਕਲਾਵੇ ਵਿੱਚ ਲੈ ਕੇ ਦਿਲਾਸਾ ਦਿੱਤਾ। ਉਹਨਾਂ ਕਿਹਾ ਕਿ ਸ਼ਹੀਦ ਕਿਸੇ ਧਰਮ, ਫਿਰਕੇ ਜਾਂ ਖੇਤਰ ਤੱਕ ਸੀਮਤ ਨਹੀਂ ਹੁੰਦੇ ਸਗੋਂ ਉਹ ਪੂਰੀ ਕੌਮ ਦਾ ਮਾਣ, ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਨਾ ਸਰੋਤ ਅਤੇ ਦੇਸ਼ ਦਾ ਸਰਮਾਇਆ ਹੁੰਦੇ ਹਨ। ਸ਼ਹੀਦ ਹੌਲਦਾਰ ਮਨਦੀਪ ਸਿੰਘ ਦੀ ਮਾਤਾ ਸ੍ਰੀਮਤੀ ਬਲਵਿੰਦਰ ਕੌਰ, ਪਤਨੀ ਜਗਦੀਪ ਕੌਰ, ਭੈਣ ਗਗਨਦੀਪ ਕੌਰ, ਦੋਵੇਂ ਭਰਾ ਸ੍ਰੀ ਜਗਪਾਲ ਸਿੰਘ ਅਤੇ ਜਗਜੀਤ ਸਿੰਘ ਅਤੇ ਚਾਚੇ ਸੂਬੇਦਾਰ ਜਸਵੀਰ ਸਿੰਘ, ਸ੍ਰੀ ਬੂਟਾ ਸਿੰਘ ਅਤੇ ਮੋਹਣ ਸਿੰਘ ਨੇ ਕਿਹਾ ਕਿ ਸਾਨੂੰ ਮਨਦੀਪ ਸਿੰਘ ਦੀ ਸ਼ਹੀਦੀ ਤੇ ਮਾਣ ਹੈ ਕਿਉਂਕਿ ਉਸ ਨੇ ਦੇਸ਼ ਲਈ ਕੁਰਬਾਨੀ ਕੀਤੀ ਹੈ। ਇਸ ਮੌਕੇ ਰਾਜਨੀਤਿਕ, ਸਮਾਜਿਕ ਅਤੇ ਧਾਰਮਿਕ ਸ਼ਖਸ਼ੀਅਤਾਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਅਤੇ ਸਾਕ ਸਬੰਧੀ ਵੀ ਹਾਜ਼ਰ ਸਨ।

# ਮਯੰਕ ਫਾਊਂਡੇਸ਼ਨ ਵੱਲੋਂ ਫਿਰੋਜ਼ਪੁਰ ਮੈਡੀਸਿਟੀ ਹਸਪਤਾਲ ਅਤੇ ਸੇਵਾ ਪੰਜਾਬ ਦੇ ਸਹਿਯੋਗ ਨਾਲ ਲਗਾਇਆ ਗਿਆ ਮੁਫਤ ਮੈਡੀਕਲ ਕੈਂਪ

**●120 ਮਰੀਜ਼ਾਂ ਦੀ ਜਾਂਚ, 90 ਨੂੰ ਮੁਫ਼ਤ ਦਵਾਈਆਂ ਵੰਡੀਆਂ ●ਹਰ ਤਿੰਨ ਮਹੀਨੇ ਬਾਅਦ ਲਗਾਇਆ ਜਾਵੇਗਾ ਫਾਲੋ ਅੱਪ ਕੈਂਪ : ਵਿਪੁਲ ਨਾਰੰਗ**









**ਫ਼ਿਰੋਜ਼ਪੁਰ (ਲੋਕ ਬਾਣੀ)**
ਮਯੰਕ ਫਾਊਂਡੇਸ਼ਨ ਨੇ ਸੇਵਾ ਪੰਜਾਬ ਦੇ ਸਹਿਯੋਗ ਨਾਲ ਫਿਰੋਜ਼ਪੁਰ ਦੇ ਮੈਡੀਸਿਟੀ ਹਸਪਤਾਲ ਵਿਖੇ ਘਰੇਲੂ ਕਾਮਿਆਂ ਲਈ ਮੁਫਤ ਮੈਡੀਕਲ ਜਾਂਚ ਕੈਂਪ ਲਗਾਇਆ। ਹਸਪਤਾਲ ਦੇ ਡਾਇਰੈਕਟਰ ਸੁਬੋਧ ਕੱਕੜ, ਰੈੱਡ ਕਰਾਸ ਦੇ ਸਕੱਤਰ ਅਸ਼ੋਕ ਬਹਿਲ, ਸੀਨੀਅਰ ਸਮਾਜ ਸੇਵੀ ਹਰੀਸ਼ ਮੋਂਗਾ, ਸੇਵਾ ਪੰਜਾਬ ਦੇ ਖੇਤਰੀ ਇੰਚਾਰਜ ਹਰਪਿੰਦਰ ਕੌਰ, ਪ੍ਰੋਜੈਕਟ ਕੋਆਰਡੀਨੇਟਰ ਵਿਪੁਲ ਨਾਰੰਗ ਨੇ ਦੀਪ ਜਗਾ ਕੇ ਕੈਂਪ ਦਾ ਉਦਘਾਟਨ ਕੀਤਾ . ਵਿਪੁਲ ਨਾਰੰਗ ਨੇ ਦੱਸਿਆ ਕਿ ਇਸ ਕੈਂਪ ਵਿੱਚ ਹੱਡੀਆਂ ਦੇ ਰੋਗ, ਦਿਲ, ਪੇਟ, ਸ਼ੂਗਰ, ਲੀਵਰ ਅਤੇ ਛਾਤੀ ਦੇ ਰੋਗਾਂ ਅਤੇ ਗਾਇਨੀ ਰੋਗਾਂ ਦੀ ਜਾਂਚ ਕੀਤੀ ਗਈ। ਡਾ: ਅਸ਼ਵਨੀ ਕੁਮਾਰ, ਡਾ: ਦੀਪਕ ਗੋਇਲ, ਡਾ: ਅਮਨਪ੍ਰੀਤ ਕੌਰ ਅਤੇ ਡਾ: ਮਿਸ਼ਲ ਧਵਨ ਨੇ ਮਰੀਜ਼ਾਂ ਦਾ ਮੁਆਇਨਾ ਕੀਤਾ . ਕੈਂਪ ਵਿੱਚ ਮੁਫ਼ਤ ਦਵਾਈਆਂ, ਹੱਡੀਆਂ ਦੇ ਟੈਸਟ ਲਈ ਮੁਫ਼ਤ ਬੀ.ਐਮ.ਡੀ. ਟੈਸਟ, ਸ਼ੂਗਰ ਦੇ ਤਿੰਨ ਮਹੀਨਿਆਂ ਲਈ ਟੈਸਟ ਅਤੇ ਈਸੀਜੀ ਦੀ ਸਹੂਲਤ ਦਿੱਤੀ ਗਈ । ਫਿਰੋਜ਼ਪੁਰ ਮੈਡੀਸਿਟੀ ਦੇ ਚੇਅਰਮੈਨ ਸ਼ਾਮ ਲਾਲ ਕੱਕੜ, ਡਾਇਰੈਕਟਰ ਦਾਨਿਸ਼ ਕੱਕੜ, ਫਾਊਂਡੇਸ਼ਨ ਤੋਂ ਡਾ: ਤਨਜੀਤ ਬੇਦੀ, ਦੀਪਕ ਨਰੂਲਾ, ਰਾਜੀਵ ਸੇਤੀਆ, ਅਰੁਣ ਅਰੋੜਾ, ਸੋਮੇਸ਼ ਗੁੰਬਰ, ਅਨੁਰਾਗ ਐਰੀ, ਦੀਪਕ ਗਰੋਵਰ, ਆਸ਼ੀਸ਼ ਖੁਰਾਣਾ, ਅਸੀਮ ਅਗਰਵਾਲ ਅਤੇ ਕੌਸ਼ਲ ਗਾਂਧੀ ਨੇ ਕੈਂਪ ਨੂੰ ਸਫਲ ਬਣਾਉਣ ਲਈ ਵਿਸ਼ੇਸ਼ ਸਹਿਯੋਗ ਦਿੱਤਾ।

# ਕਿਤਾਬਾਂ ਸਾਡਾ ਅਮੀਰ ਤੇ ਮਾਣ-ਮੱਤਾ ਵਿਰਸਾ ਹਨ



ਗਗਨਦੀਪ ਕੌਰ ਧਾਲੀਵਾਲ
ਝਲੂਰ ਬਰਨਾਲਾ

ਆਧੁਨਿਕਤਾ ਨੇ ਮਨੁੱਖ ਨੂੰ ਕਿਤਾਬਾਂ ਤੋਂ ਕੋਹਾਂ ਦੂਰ ਕਰ ਦਿੱਤਾ ਹੈ। ਭਾਵੇਂ ਮੋਬਾਈਲ ਕ੍ਰਾਂਤੀ ਨੇ ਮਨੁੱਖ ਦੇ ਗਿਆਨ ਵਿੱਚ ਅਥਾਹ ਵਾਧਾ ਕੀਤਾ ਹੈ, ਪਰ ਕਿਤਾਬਾਂ ਦਾ ਆਪਣਾ ਵੱਖਰਾ ਹੀ ਮੁਕਾਮ ਹੈ। ਚੰਗੀਆਂ ਕਿਤਾਬਾਂ ਤਾਂ ਇਨਸਾਨ ਦੀ ਤਕਦੀਰ ਪਲਟ ਦਿੰਦੀਆਂ ਹਨ। ਕਿਸੇ ਕਿਤਾਬ ਵਿੱਚ ਲਿਖੀਆਂ ਕੁਝ ਸਤਰਾਂ ਤੁਹਾਡੀ ਕਾਇਆ ਕਲਪ ਕਰ ਸਕਦੀਆਂ ਹਨ, ਤੁਹਾਡਾ ਆਚਾਰ, ਵਿਹਾਰ ਅਤੇ ਦ੍ਰਿਸ਼ਟੀਕੋਣ ਬਦਲ ਸਕਦੀਆਂ ਹਨ। ਇੱਕ ਚੰਗੀ ਕਿਤਾਬ ਮਨੁੱਖ ਦੀ ਸੱਚੀ ਦੋਸਤ ਹੁੰਦੀ ਹੈ। ਲਾਰਡ ਬਾਇਰਨ ਦਾ ਕਥਨ ਹੈ ਕਿ ''ਸਿਆਹੀ ਦਾ ਇੱਕ ਕਤਰਾ ਲੱਖਾਂ ਲੋਕਾਂ ਦੀ ਸੋਚ ਵਿੱਚ ਹਿਲਜੁਲ ਮਚਾ ਦਿੰਦਾ ਹੈ।'' ਹਜ਼ਰਤ ਮੁਹੰਮਦ ਸਾਹਿਬ ਨੇ ਤਾਂ ਲਿਖਾਰੀ ਦਾ ਬਹੁਤ ਉੱਚਾ ਮੁੱਲ ਪਾਇਆ ਹੈ। ਫ਼ਰਮਾਨ ਹੈ: ''ਲੇਖਕਾਂ ਦੀ ਸਿਆਹੀ ਸ਼ਹੀਦਾਂ ਦੇ ਲਹੂ ਦੇ ਕਤਰਿਆਂ ਤੋਂ ਵਧੇਰੇ ਪਾਕ ਹੈ। ਚੇਤੇ ਰਹੇ! ਘਟੀਆ ਕਿਸਮ ਦਾ ਸਾਹਿਤ ਪੜ੍ਹਨ ਨਾਲ ਮਨੁੱਖ ਗਿਰਾਵਟ ਵਾਲੇ ਪਾਸੇ ਜਾ ਡਿੱਗਦਾ ਹੈ ਭਾਵ ਉਹ ਅਗਿਆਨਤਾ ਦੀ ਅਜਿਹੀ ਹਨੇਰੀ ਰਾਤ ਵੱਲ ਧੱਕਿਆ ਜਾਂਦਾ ਹੈ ਜਿਸ ਵਿੱਚ ਨਾ ਚੰਦ ਹੈ ਤੇ ਨਾ ਤਾਰੇ। ਪ੍ਰੋ. ਮੋਹਨ ਸਿੰਘ ਦੀਆਂ ਨਿਮਨ ਦਰਜ ਸਤਰਾਂ ਅਜਿਹੀ ਹਨੇਰੀ ਰਾਤ ਵੱਲ ਹੀ ਸੰਕੇਤ ਕਰਦੀਆਂ ਹਨ: ਪੜ੍ਹ-ਪੜ੍ਹ ਕਿਤਾਬਾਂ ਢੇਰ ਕੁੜੇ, ਮੇਰਾ ਵਧਦਾ ਜਾਏ ਹਨੇਰ ਕੁੜੇ। ਸੱਚਮੁੱਚ! ਕਈ ਕਿਤਾਬਾਂ ਤਾਂ ਉੱਕਾ ਹੀ ਪੜ੍ਹਨਯੋਗ ਨਹੀਂ ਹੁੰਦੀਆਂ। ਜਿਨ੍ਹਾਂ ਕੋਲ ਕਹਿਣ ਲਈ ਕੁਝ ਨਾ ਹੋਵੇ, ਉਨ੍ਹਾਂ ਨੂੰ ਕਿਤਾਬਾਂ ਲਿਖਣ ਦੀ ਬਜਾਇ ਕੋਈ ਹੋਰ ਸ਼ੌਕ ਪਾਲਣਾ ਚਾਹੀਦਾ ਹੈ। ਅਜਿਹੇ ਅਖੌਤੀ ਲਿਖਾਰੀਆਂ ਨੂੰ ਮੁਹੰਮਦ ਬਖ਼ਸ਼ ਸਲਾਹ ਦਿੰਦਾ ਹੈ ਕਿ ''ਬਿਹਤਰ ਚੁੱਪ ਮੁਹੰਮਦ ਬਖਸ਼ਾ ਸੁਖਨ ਅਜਿਹੇ ਨਾਲੋਂ।'' ਲਿਖਾਰੀ ਦਾ ਰੁਤਬਾ ਤਾਂ ਬਹੁਤ ਉੱਚਾ ਹੈ-ਜਣਾ-ਖਣਾ ਲਿਖਾਰੀ ਦੀ ਪਦਵੀ ਪ੍ਰਾਪਤ ਨਹੀਂ ਕਰ ਸਕਦਾ। ਬਾਬਾ ਨਾਨਕ ਦੇ ਇਸ ਫ਼ਰਮਾਨ-''ਧਨੁ ਲੇਖਾਰੀ ਨਾਨਕਾ ਜਿਨਿ ਨਾਮੁ ਲਿਖਾਇਆ ਸਚੁ।।'' 'ਤੇ ਕੋਈ ਕਰਮਾਂ ਵਾਲਾ ਹੀ ਖਰਾ ਉੱਤਰਦਾ ਹੈ। ਅਜੋਕੀ ਨੌਜਵਾਨ ਪੀੜ੍ਹੀ ਤਾਂ ਬਿਲਕੁਲ ਹੀ ਕਿਤਾਬਾਂ ਤੋਂ ਦੂਰ ਹੁੰਦੀ ਜਾ ਰਹੀ ਹੈ। ਇਹ ਕਿਤਾਬਾਂ ਹੀ ਹਨ ਜਿਹਨਾਂ ਨੂੰ ਮੈਂ ਆਪਣੇ ਅੰਦਰਲੀ ਹਰ ਚੰਗਿਆਈ ਦਾ ਸਿਹਰਾ ਦਿੰਦੀ ਹਾਂ। ਮੈਂ ਆਪਣੇ ਸਾਹਿਤਕ ਸਫਰ ਦੇ ਦਿਨਾਂ ਵਿੱਚ ਹੀ ਇਹ ਮਹਿਸੂਸ ਕਰ ਲਿਆ ਸੀ ਕਿ ਕਲਾ ਲੋਕਾਂ ਨਾਲੋਂ ਜ਼ਿਆਦਾ ਖੁੱਲਦਿਲੀ ਹੁੰਦੀ ਹੈ। ਮੈਂ ਕਿਤਾਬ -ਪ੍ਰੇਮੀ ਹਾਂ; ਹਰ ਕਿਤਾਬ ਮੈਨੂੰ ਇੱਕ ਚਮਤਕਾਰ ਜਾਪਦੀ ਹੈ, ਅਤੇ ਲੇਖਕ ਇੱਕ ਜਾਦੂਗਰ । ਕਿਤਾਬਾਂ ਜ਼ਿੰਦਗੀ ਵਿੱਚ ਮੇਰੀ ਰਹਿਨੁਮਾਈ ਕਰਦੀਆਂ ਹਨ। ਕਿਤਾਬਾਂ ਅਜਿਹਾ ਸ਼ਾਹੀ ਖ਼ਜ਼ਾਨਾ ਹਨ, ਜਿਨ੍ਹਾਂ ਵਿੱਚ ਅਮੁੱਲ ਗਿਆਨ, ਵਿਚਾਰ ਤੇ ਭਾਵਨਾਵਾਂ ਦਾ ਸੰਗ੍ਰਹਿ ਹੁੰਦਾ ਹੈ। ਮੌਜੂਦਾ ਸਮੇਂ ਵਿੱਚ ਜਿੱਥੇ ਟੀ.ਵੀ ਤੇ ਕੰਪਿਊਟਰ ਆਦਿ ਸਾਧਨਾਂ ਨੇ ਮਨੁੱਖ ਦੀ ਜ਼ਿੰਦਗੀ ਵਿੱਚ ਤੇਜ਼ੀ ਨਾਲ ਸਥਾਨ ਬਣਾ ਲਿਆ ਹੈ, ਉਥੇ ਕਿਤਾਬਾਂ ਨੂੰ ਪਿੱਛੇ ਨਹੀਂ ਛੱਡਿਆ ਜਾ ਸਕਦਾ। ਅੱਜ ਦੀ ਨਵੀਂ ਪੀੜ੍ਹੀ ਤਾਂ ਆਪਣਾ ਜ਼ਿਆਦਾ ਸਮਾਂ ਫੇਸਬੁੱਕ, ਵ੍ਹਟਸਐਪ, ਇੰਸਟਾਗ੍ਰਾਮ ਆਦਿ ਸੋਸ਼ਲ ਸਾਈਟਾਂ 'ਤੇ ਹੀ ਬਤੀਤ ਕਰਦੀ ਹੈ। ਉਹ ਸਮਾਂ ਹੁਣ ਖ਼ਤਮ ਹੁੰਦਾ ਜਾ ਰਿਹਾ ਹੈ, ਜਦੋਂ ਹਰ ਪੜ੍ਹਿਆ-ਲਿਖਿਆ ਮਨੁੱਖ ਘਰ 'ਚ ਕਿਤਾਬਾਂ ਲਈ ਵੱਖਰੇ ਤੌਰ 'ਤੇ ਲਾਇਬ੍ਰੇਰੀ ਬਣਾ ਕੇ ਰੱਖਦਾ ਸੀ। ਆਧੁਨਿਕ ਯੁੱਗ ਤਕਨੀਕ ਦਾ ਯੁੱਗ ਹੈ। ਅੱਜ ਅਸੀਂ ਕਿਸੇ ਵੀ ਖੇਤਰ 'ਚ ਕੰਮ ਕਰ ਹਾਂ ਪਰ ਬਿਨਾ ਕਿਸੇ ਤਕਨੀਕੀ ਉਪਕਰਨ ਦੇ ਕੋਈ ਵੀ ਕੰਮ ਸਹੀ ਤੇ ਸਮੇਂ ਸਿਰ ਮੁਕੰਮਲ ਨਹੀਂ ਕਰ ਸਕਦੇ।

ਕਿਤਾਬਾਂ ਗਿਆਨ ਨੂੰ ਸੰਜੋਅ ਕੇ ਰੱਖਣ ਦਾ ਬਹੁਤ ਵਧੀਆ ਸਾਧਨ ਹਨ। ਜਿਹੜੀ ਗੱਲ ਕਿਸੇ ਕਿਤਾਬ 'ਚੋਂ ਅਸੀਂ ਪੜ੍ਹ ਲਈ, ਉਹ ਜ਼ਿੰਦਗੀ ਭਰ ਸਾਨੂੰ ਯਾਦ ਰਹਿੰਦੀ ਹੈ। ਜੇ ਕਿਤੇ ਭੁੱਲ ਵੀ ਜਾਈਏ ਤਾਂ ਝੱਟ ਉਹ ਕਿਤਾਬ ਖੋਲ੍ਹੀ ਤੇ ਦੁਬਾਰਾ ਪੜ੍ਹ ਕੇ ਫਿਰ ਯਾਦ ਕਰ ਲਿਆ। ਇੱਕ ਵਿਦਵਾਨ ਦਾ ਕਥਨ ਹੈ ਕਿ ਕਿਤਾਬਾਂ ਪੜ੍ਹਨਾ ਸਮਾਂ ਬਰਬਾਦ ਕਰਨਾ ਨਹੀਂ ਹੈ। ਇੱਕ ਚੰਗੀ ਕਿਤਾਬ ਸੁਹਿਰਦ ਦੋਸਤ ਵਰਗੀ ਹੁੰਦੀ ਹੈ। ਕਿਤਾਬ ਪੜ੍ਹਨ ਨਾਲ ਮਨੁੱਖ ਦਾ ਗਿਆਨ ਤਾਂ ਵਧਦਾ ਹੀ ਹੈ, ਸਗੋਂ ਉਸ ਦਾ ਨਜ਼ਰੀਆ ਵੀ ਵਿਸ਼ਾਲ ਹੋ ਜਾਂਦਾ ਹੈ। ਉਹ ਤੰਗ-ਖਿਆਲੀ ਦੇ ਘੇਰੇ 'ਚੋਂ ਨਿਕਲ ਕੇ ਮਾਨਵਵਾਦੀ ਵਿਚਾਰਾਂ ਦਾ ਧਾਰਨੀ ਹੋ ਜਾਂਦਾ ਹੈ। ਸਾਡੇ ਸਮਾਜ ਵਿੱਚ ਵੱਡੀਆਂ-ਵੱਡੀਆਂ ਲਾਇਬ੍ਰੇਰੀਆਂ ਬਣੀਆਂ ਹੋਈਆਂ ਹਨ। ਕਿਤਾਬਾਂ ਪੜ੍ਹਨ ਦੇ ਚਾਹਵਾਨਾਂ ਲਈ ਲਾਇਬ੍ਰੇਰੀਆਂ ਕਿਸੇ ਵਰਦਾਨ ਤੋਂ ਘੱਟ ਨਹੀਂ ਹਨ। ਕਿਤਾਬਾਂ ਤੁਹਾਡੇ ਅੰਦਰਲੇ ਨੂੰ ਰੋਸ਼ਨ ਕਰਦੀਆਂ ਹਨ ਅਤੇ ਜੀਵਨ 'ਤੇ ਤੁਹਾਡੀ ਪਕੜ ਨੂੰ ਪੀਡਾ ਕਰਦੀਆਂ ਹਨ।

ਸੈਮੂਅਲ ਜਾਹਨਸਨ ਮੁਤਾਬਕ, ''ਤੁਸੀਂ ਤਦ ਤਕ ਸਿਆਣੇ ਨਹੀਂ ਬਣ ਸਕਦੇ, ਜਦ ਤਕ ਤੁਸੀਂ ਪੜ੍ਹਨਾ ਪਸੰਦ ਨਹੀਂ ਕਰਦੇ।'' ਮਤਲਬ ਇਹ ਕਿ ਚੰਗੀਆਂ ਕਿਤਾਬਾਂ ਪੜ੍ਹਨ ਨਾਲ ਬੌਧਿਕ ਤੇ ਮਾਨਸਿਕ ਸਮਰੱਥਾ ਵਿੱਚ ਵਾਧਾ ਹੁੰਦਾ ਹੈ। ਦਰਅਸਲ, ਪੁਸਤਕਾਂ ਰਾਹੀਂ ਤੁਸੀਂ ਮਹਾਨ ਵਿਅਕਤੀਆਂ ਦੇ ਸੰਪਰਕ ਵਿੱਚ ਆਉਂਦੇ ਹੋ।

ਇਸ ਸਬੰਧ ਵਿੱਚ ਆਰ. ਡੇਸਕਰਟੇਜ਼ ਦਾ ਕਥਨ ਹੈ, ''ਚੰਗੀਆਂ ਕਿਤਾਬਾਂ ਪੜ੍ਹਨੀਆਂ ਕਿਸੇ ਮਹਾਨ ਵਿਅਕਤੀ ਨਾਲ ਗੱਲ ਕਰਨ ਦੇ ਬਰਾਬਰ ਹੈ।'' ਇਸ ਲਈ ਚੰਗਾ ਸਾਹਿਤ ਪੜ੍ਹਨਾ ਬੁੱਧੀਮਾਨ ਬਣਨ ਦਾ ਮੁੱਖ ਓਪਾਅ ਹੈ। ਚੰਗੀ ਬੋਲ-ਚਾਲ ਤੇ ਉੱਠਣ-ਬੈਠਣ ਦਾ ਸਲੀਕਾ, ਢੁਕਵੇਂ ਸ਼ਬਦਾਂ ਦੇ ਗਿਆਨ ਦੀ ਮੰਗ ਕਰਦਾ ਹੈ। ਕਿਤਾਬਾਂ ਤੁਹਾਨੂੰ ਲੋੜੀਂਦੇ ਸ਼ਬਦਾਂ ਨਾਲ ਭਰਪੂਰ ਕਰਦੀਆਂ ਹਨ ਅਤੇ ਜ਼ਿੰਦਗੀ ਦੇ ਨਵੇਂ ਭੇਦ ਖੋਲ੍ਹਦੀਆਂ ਹਨ। ਇਹ ਸ਼ਬਦ ਹੀ ਹੁੰਦੇ ਹਨ ਜੋ ਤੁਹਾਡੀ ਸੂਰਤ ਨੂੰ ਸੀਰਤ ਪ੍ਰਦਾਨ ਕਰਦੇ ਹਨ।

ਬਰਨਾਰਡ ਸ਼ਾਅ ਨੇ ਠੀਕ ਹੀ ਕਿਹਾ ਹੈ ਕਿ ''ਪੜ੍ਹਨਾ ਤਾਂ ਅਸੀਂ ਸਾਰੇ ਜਾਣਦੇ ਹਾਂ ਪਰ ਕੀ ਪੜ੍ਹਨਾ ਚਾਹੀਦਾ ਹੈ, ਕੋਈ ਹੀ ਜਾਣਦਾ ਹੈ।'' ਇਸ ਲਈ ਕੀ ਪੜ੍ਹਨਾ ਤੇ ਕੀ ਨਹੀਂ ਪੜ੍ਹਨਾ, ਦੀ ਸੂਚੀ ਕੰਠ ਹੋਣੀ ਚਾਹੀਦੀ ਹੈ ਅਤੇ ਇਸ 'ਤੇ ਇਮਾਨਦਾਰੀ ਨਾਲ ਅਮਲ ਹੋਣਾ ਚਾਹੀਦਾ ਹੈ। ਸ਼ੈਕਸਪੀਅਰ ਕਹਿੰਦਾ ਹੈ ਕਿ ''ਗਿਆਨ ਉਹ ਖੰਭ ਹੈ ਜਿਸ ਰਾਹੀਂ ਅਸੀਂ ਸਵਰਗ ਵੱਲ ਉੱਡ ਸਕਦੇ ਹਾਂ।'' ਇਸ ਲਈ ਜੇ ਤੁਸੀਂ ਉੱਚੀਆਂ ਉਡਾਰੀਆਂ ਭਰਨਾ ਚਾਹੁੰਦੇ ਹੋ ਤਾਂ ਚੰਗੀਆਂ ਕਿਤਾਬਾਂ ਰਾਹੀਂ ਗਿਆਨ ਪ੍ਰਾਪਤ ਕਰੋ। ਕਿਤਾਬਾਂ ਸਾਡੇ ਦਿਮਾਗ ਨੂੰ 'ਸਾਣ 'ਤੇ ਲਾਉਂਦੀਆਂ ਹਨ ਅਤੇ ਸੱਤ ਸਮੁੰਦਰੋਂ ਪਾਰ ਦੀ ਖ਼ਬਰਸਾਰ ਦਿੰਦੀਆਂ ਹਨ। ਇਸੇ ਭਾਵਨਾ ਨੂੰ ਪ੍ਰਗਟਾਉਂਦਾ ਐਮਿਲੀ ਡਿਕਨਸਨ ਦਾ ਇੱਕ ਕਥਨ ਹੈ- ''ਕਿਤਾਬ ਵਰਗਾ ਕੋਈ ਜਹਾਜ਼ ਨਹੀਂ, ਜੋ ਸਾਨੂੰ ਦੇਸ਼ਾਂ-ਦੇਸ਼ਾਂਤਰਾਂ ਤੋਂ ਪਾਰ ਲੈ ਜਾਂਦਾ ਹੈ।

ਅੱਜ ਦੇ ਯੁੱਗ ਵਿੱਚ ਲੇਖਕ ਨਵੇਂ-ਨਵੇਂ ਵਿਸ਼ਿਆਂ 'ਤੇ ਕਿਤਾਬਾਂ ਲਿਖ ਰਹੇ ਹਨ, ਜੋ ਸਾਡੇ ਗਿਆਨ ਵਿੱਚ ਵਾਧਾ ਤਾਂ ਕਰਦੇ ਹੀ ਹਨ, ਸਗੋਂ ਜੀਵਨ ਨੂੰ ਸਹੀ ਸੇਧ ਵੀ ਦਿੰਦੇ ਹਨ। ਮਾਪਿਆਂ ਨੂੰ ਛੋਟੀ ਉਮਰ ਦੇ ਬੱਚਿਆਂ ਅਤੇ ਸਕੂਲ ਵਿੱਚ ਅਧਿਆਪਕਾਂ ਵੱਲੋਂ ਵਿਦਿਆਰਥੀਆਂ ਨੂੰ ਕਿਤਾਬਾਂ ਪੜ੍ਹਨ ਦੀ ਆਦਤ ਪਾਉਣੀ ਚਾਹੀਦੀ ਹੈ ਤਾਂ ਜੋ ਉਨ੍ਹਾਂ ਦੇ ਗਿਆਨ ਵਿੱਚ ਵਾਧਾ ਹੋ ਸਕੇ। ਛੋਟੀ ਤੋਂ ਛੋਟੀ ਤੇ ਵੱਡੀ ਤੋਂ ਵੱਡੀ ਕਿਤਾਬ ਸਾਡੇ ਗਿਆਨ ਦਾ ਘੇਰਾ ਵਧਾਉਂਦੀ ਹੈ। ਬੱਸ ਲੋੜ ਇਸ ਗੱਲ ਦੀ ਹੈ ਕਿ ਇਹ ਗਿਆਨ ਕਦੋਂ ਤੇ ਕਿਸ ਤਰ੍ਹਾਂ ਪ੍ਰਾਪਤ ਕਰਨਾ ਹੈ?ਕਿਤਾਬਾਂ ਸਾਨੂੰ ਬੀਤੇ ਸਮੇਂ ਬਾਰੇ ਵੀ ਚਾਨਣਾ ਪਾਉਂਦੀਆਂ ਹਨ, ਜਿਵੇਂ ਪੁਰਾਣੇ ਸਮੇਂ ਦੀਆਂ ਜੰਗਾਂ, ਯੁੱਧਾਂ, ਰਾਜਿਆਂ-ਮਹਾਰਾਜਿਆਂ, ਸ਼ਹੀਦਾਂ, ਦੇਸ਼-ਭਗਤਾਂ ਦੀਆਂ ਕੁਰਬਾਨੀਆਂ ਆਦਿ ਬਾਰੇ। ਜਿਨ੍ਹਾਂ ਵਿਸ਼ਿਆਂ ਬਾਰੇ ਅਸੀਂ ਨਹੀਂ ਜਾਣਦੇ, ਉਨ੍ਹਾਂ ਬਾਰੇ ਕਿਤਾਬਾਂ ਸਾਨੂੰ ਦੱਸਦੀਆਂ ਹਨ। ਕਿਤਾਬਾਂ ਬਾਰੇ ਕਿਸੇ ਲੇਖਕ ਨੇ ਸੱਚ ਕਿਹਾ ਹੈ, ''ਚੁੱਪ ਰਹਿ ਕੇ ਵੀ ਬੋਲਦੀਆਂ ਕਿਤਾਬਾਂ, ਵਰਕੇ ਜ਼ਿੰਦਗੀ ਦੇ ਖੋਲ੍ਹਦੀਆਂ ਕਿਤਾਬਾਂ।'' ਕਿਤਾਬਾਂ ਪੜ੍ਹਨ ਤੋਂ ਬਿਨਾਂ ਮਨੁੱਖ ਗਿਆਨਵਾਨ ਨਹੀਂ ਬਣ ਸਕਦਾ। ਚੰਗੀਆਂ ਕਿਤਾਬਾਂ ਪੜ੍ਹਨਾ, ਗਿਆਨ ਪ੍ਰਾਪਤੀ ਤੋਂ ਇਲਾਵਾ ਇੱਕ ਆਨੰਦਦਾਇਕ ਸਰਗਰਮੀ ਵੀ ਹੈ। ਤਾਹੀਓਂ, ਕਿਤਾਬਾਂ ਪੜ੍ਹਨ ਦਾ ਸ਼ੌਕੀਨ ਵਿਅਕਤੀ ਕਦੇ ਬੋਰੀਅਤ ਦੀ ਸ਼ਿਕਾਇਤ ਨਹੀਂ ਕਰਦਾ। ਉਹ ਤਾਂ ਲਾਗਨ ਪੀਅਰਸਨ ਸਮਿਥ ਵਾਂਗ ਕਹਿੰਦਾ ਹੈ ਕਿ ''ਮੈਨੂੰ ਇੱਕ ਬਿਸਤਰਾ ਅਤੇ ਇੱਕ ਕਿਤਾਬ ਦੇ ਦਿਓ। ਬਸ, ਮੈਂ ਖ਼ੁਸ਼ ਹਾਂ।'' ਚੰਗੀ ਕਿਤਾਬ ਤਾਂ ਰੂਹ ਨੂੰ ਸਰਸ਼ਾਰ ਕਰ ਦਿੰਦੀ ਹੈ। ਜੇ ਯਕੀਨ ਨਹੀਂ ਆਉਂਦਾ ਤਾਂ 'ਹੀਰ ਵਾਰਿਸ' ਪੜ੍ਹ ਕੇ ਵੇਖੋ, ਜਿਸ ਬਾਰੇ ਕਿਸੇ ਸ਼ਾਇਰ ਨੇ ਬਾਖ਼ੂਬੀ ਕਿਹਾ ਹੈ: ਵਾਰਿਸ ਸ਼ਾਹ ਦਾ ਪਾਕ ਕਲਾਮ ਪੜ੍ਹਨਾ, ਬੂਰੀ ਮੱਝ ਦੀ ਚੁੰਘਣੀ ਧਾਰ ਹੈ ਜੀ। ਗੱਲ ਕੀ, ਚੰਗੀ ਕਿਤਾਬ ਰੂਹ ਦੀ ਖ਼ੁਰਾਕ ਹੋ ਨਿੱਬੜਦੀ ਹੈ। ਸੱਚ ਤਾਂ ਇਹ ਹੈ ਕਿ ਚੰਗੀ ਕਿਤਾਬ ਵਰਗਾ ਹੋਈ ਦੋਸਤ ਨਹੀਂ। ਤੁਹਾਡਾ ਇਹ ਬੇਗਰਜ਼ ਦੋਸਤ, ਤੁਹਾਥੋਂ ਕਿਸੇ ਚੀਜ਼ ਦੀ ਮੰਗ ਨਾ ਕਰਦਾ ਹੋਇਆ, ਤੁਹਾਡੇ ਗਿਆਨ ਵਿੱਚ ਨਿੱਗਰ ਵਾਧਾ ਕਰਦਾ ਹੈ। ਕਿਤਾਬਾਂ ਸਾਡਾ ਅਮੀਰ ਤੇ ਮਾਣ-ਮੱਤਾ ਵਿਰਸਾ ਹਨ। ਯੂਨਾਨ ਦੇ ਸਮਰਾਟ ਸਿਕੰਦਰ ਨੂੰ ਦੁਨੀਆਂ ਸਿਕੰਦਰ ਮਹਾਨ ਜਾਂ 'ਅਲੈਗਜ਼ੈਂਡਰ ਦਿ ਗਰੇਟ' ਕਹਿੰਦੀ ਹੈ। ਸਿਕੰਦਰ ਦੇ ਮਹਾਨ ਬਣਨ ਅਤੇ ਐਨੀ ਕਾਮਯਾਬੀ ਹਾਸਲ ਕਰਨ ਵਿੱਚ ਸਭ ਤੋਂ ਵੱਡਾ ਰੋਲ ਉਸਦੇ ਉਸਤਾਦ ਅਰਸਤੂ ਦੀ ਦਿੱਤੀ ਹੋਈ ਸਿੱਖਿਆ ਮੰਨੀ ਜਾਂਦੀ ਹੈ। ਕਹਾਣੀ ਸੀ ਟ੍ਰਾਇ ਦੇ ਯੁੱਧ ਦੀ, ਜਿਸ ਨੂੰ ਯੂਨਾਨੀ ਕਵੀ ਹੋਮਰ ਨੇ ਆਪਣੇ ਮਹਾਕਾਵਿ 'ਇਲੀਅਡ' ਵਿੱਚ ਵਿਸਤਾਰ ਨਾਲ ਬਿਆਨ ਕੀਤਾ ਹੈ। ਅਸਲ ਵਿੱਚ ਅਰਸਤੂ ਨੇ ਸਿਕੰਦਰ ਨੂੰ ਇੱਕ ਕਹਾਣੀ ਸੁਣਾਈ ਸੀ, ਇਹ ਕਹਾਣੀ ਕੁਝ ਕਲਪਨਾ ਅਤੇ ਕੁਝ ਹਕੀਕਤ ਦੇ ਸੁਮੇਲ ਨਾਲ ਬਣੀ ਸੀ। ਇਲੀਅਡ ਇੱਕ ਅਜਿਹਾ ਮਹਾਕਾਵਿ ਹੈ, ਜਿਸ ਨੇ ਸਿਕੰਦਰ ਨੂੰ ਜਿੱਤ ਦੇ ਜਜ਼ਬੇ ਨਾਲ ਭਰ ਦਿੱਤਾ। ਉਸ ਨੇ ਟ੍ਰਾਇ ਦੀ ਲੜਾਈ ਨਾਲ ਗਰੀਕ ਰਾਜਿਆਂ ਦੀ ਇੱਕਜੁਟਤਾ ਅਤੇ ਯੁੱਧ ਦੀ ਰਣਨੀਤੀ ਦਾ ਸਬਕ ਸਿੱਖਿਆ ਅਤੇ ਫਿਰ ਦੁਨੀਆਂ ਜਿੱਤ ਲਈ। ਇਸ ਤਰਾਂ ਇਹ ਕਿਤਾਬ ਵਿੱਚ ਲਿਖੀ ਕਹਾਣੀ ਨੇ ਸਿਕੰਦਰ ਦੀ ਦੁਨੀਆਂ ਬਦਲ ਦਿੱਤੀ। ਕਹਾਣੀਆਂ ਦੀ ਕਦਰ ਸਿਰਫ਼ ਕਿਤਾਬਾਂ ਦੇ ਪੰਨਿਆਂ ਤੱਕ ਹੀ ਨਹੀਂ ਹੈ ਬਲਕਿ ਇਨਸਾਨੀ ਜ਼ਿੰਦਗੀ ਵਿੱਚ ਵੀ ਉਨ੍ਹਾਂ ਦੀ ਕੀਮਤ ਹੈ। ਇੱਕ ਪੂਰੀ ਕਿਤਾਬ ਵਿੱਚੋਂ ਹੋ ਸਕਦਾ ਹੈ ਕਿ ਤੁਹਾਨੂੰ ਇੱਕ ਦਿਲ ਟੁੰਬਵੇਂ ਫ਼ਕਿਰੇ ਤੋਂ ਬਿਨਾਂ ਹੋਰ ਕੁਝ ਵੀ ਨਾ ਮਿਲੇ, ਪਰ ਇਹੀ ਉਹ ਫ਼ਕਿਰਾ ਹੁੰਦਾ ਹੈ ਜੋ ਤੁਹਾਨੂੰ ਮਨੁੱਖ ਦੇ ਹੋਰ ਨਜ਼ਦੀਕ ਲੈ ਜਾਂਦਾ ਹੈ ਅਤੇ ਇੱਕ ਨਵੀਂ ਮੁਸਕਾਨ ਜਾਂ ਦਰਦ ਦਾ ਭੇਦ ਖੋਲ ਦਿੰਦਾ ਹੈ। ਇੱਕ ਹੋਰ ਸ਼ੇਅਰ ਵਿੱਚ ਕਿਤਾਬਾਂ ਬਾਰੇ ਕਿਹਾ ਹੈ ਕਿਸੇ ਨੇ ਕਿ-

ਸਦੀਆਂ ਦੇ ਇਤਿਹਾਸ, ਵਿਚ ਮਹਿਫੂਜ਼ ਕਿਤਾਬਾਂ ਦੇ,
ਸਮੁੱਚੀ ਜ਼ਿੰਦਗੀ ਵਿਚ ਮੌਜੂਦ ਕਿਤਾਬਾਂ ਦੇ।

ਕਿਤਾਬਾਂ ਸਾਡੇ ਜੀਵਨ ਵਿੱਚ ਉਸਾਰੂ ਅਤੇ ਚਰਿੱਤਰ ਨਿਰਮਾਣ ਵਿੱਚ ਵੱਡੀ ਭੂਮਿਕਾ ਨਿਭਾਉਂਦੀਆਂ ਹਨ। ਸਾਨੂੰ ਇਨ੍ਹਾਂ ਨਾਲ ਦੋਸਤੀ ਕਰਨੀ ਚਾਹੀਦੀ ਹੈ, ਕਿਉਂਕਿ ਇੱਕ ਸੱਚਾ ਦੋਸਤ ਜੀਵਨ ਵਿੱਚ ਸਹੀ ਮਾਰਗ ਦਰਸ਼ਕ ਹੁੰਦਾ ਹੈ ਤੇ ਕਿਤਾਬਾਂ ਸਾਡੇ ਜੀਵਨ ਨੂੰ ਸਹੀ ਸੇਧ ਦਿੰਦੀਆਂ ਹਨ। ਕਿਤਾਬਾਂ ਪੜ੍ਹਨਾ ਕੋਈ ਵਾਧੂ ਕੰਮ ਨਹੀਂ ਹੈ। ਇਸ ਲਈ ਸਾਨੂੰ ਆਪਣੀ ਜ਼ਿੰਦਗੀ ਵਿੱਚ ਇਨ੍ਹਾਂ ਦਾ ਮਹੱਤਵ ਸਮਝਦੇ ਹੋਏ ਕਿਤਾਬਾਂ ਪੜ੍ਹਨ ਦੀ ਰੁਚੀ ਪਾਲਣ ਦੀ ਲੋੜ ਹੈ। ਗੂੜ੍ਹ ਗਿਆਨ ਵਾਸਤੇ ਚੰਗੇ ਅਧਿਆਪਕਾਂ ਤੋਂ ਚੰਗੀਆਂ ਕਿਤਾਬਾਂ ਬਾਰੇ ਜਾਣਕਾਰੀ ਲਈ ਜਾਵੇ ਤੇ ਉਹੀ ਪੁਸਤਕਾਂ ਪੜ੍ਹੀਆਂ ਜਾਣ। ਅਖ਼ੀਰ ਵਿੱਚ ਕਹਾਂਗੀ, ''ਕੋਈ ਮਹਿਬੂਬ ਨੀ ਸੋਹਣਾ ਕਿਤਾਬ ਵਰਗਾ, ਰੰਗ, ਫੁੱਲ ਨੀ ਮਨਮੋਹਣਾ ਕਿਤਾਬ ਵਰਗਾ, ਕਿਤਾਬਾਂ ਹਰ ਵੇਲੇ ਸਾਥ ਦਿੰਦੀਆਂ, ਕੋਈ ਦੋਸਤ ਨੀ ਹੋਣਾ ਕਿਤਾਬ ਵਰਗਾ।''

ਮਨੁੱਖ ਤੋਂ ਸਿਵਾ ਹੋਰ ਕਿਸੇ ਚੀਜ਼ ਬਾਰੇ ਜਾਣਨ ਦੀ ਮੇਰੀ ਕੋਈ ਇੱਛਾ ਨਹੀਂ ਹੈ, ਉਸ ਤੱਕ ਪਹੁੰਚਣ ਲਈ ਕਿਤਾਬਾਂ ਹੀ ਸਾਡੀਆਂ ਸੱਚੀਆਂ ਦੋਸਤ ਅਤੇ ਦਿਆਲੂ ਰਹਿਨੁਮਾ ਹਨ। ਅਲੈਗਜ਼ਾਂਦਰ ਐੱਸ. ਦੇ ਸ਼ਬਦਾਂ ਵਿੱਚ ''ਕਿਤਾਬਾਂ ਅੰਦਰ ਕਿਸੇ ਕੌਮ ਦੀਆਂ ਅਮਰ ਯਾਦਾਂ ਸਾਂਭੀਆਂ ਹੁੰਦੀਆਂ ਹਨ।'' ਇਹ ਅਮਰ ਯਾਦਾਂ, ਸਾਡੇ ਅੰਦਰ ਉਸਾਰੂ ਸ਼ਕਤੀ ਅਤੇ ਭਰਪੂਰ ਉਤਸ਼ਾਹ ਦੀ ਸ਼ਮਾਂ ਰੋਸ਼ਨ ਕਰੀ ਰੱਖਦੀਆਂ ਹਨ। ਗੰਗਾਧਰ ਤਿਲਕ ਕਿਹਾ ਕਰਦੇ ਸਨ, ''ਮੈਂ ਨਰਕ ਵਿੱਚ ਵੀ ਚੰਗੀਆਂ ਕਿਤਾਬਾਂ ਦਾ ਸੁਆਗਤ ਕਰਾਂਗਾ ਕਿਉਂਕਿ ਉਨ੍ਹਾਂ ਵਿੱਚ ਇਹ ਸ਼ਕਤੀ ਹੈ ਕਿ ਜਿੱਥੇ ਵੀ ਉਹ ਹੋਣਗੀਆਂ, ਉੱਥੇ ਹੀ ਸਵਰਗ ਬਣ ਜਾਏਗਾ।''



**ਅਮਨਦੀਪ ਮਹਿਰਾ**
ਮੁੱਖ ਸੰਪਾਦਕ ਰੋਜ਼ਾਨਾ ਲੋਕ ਬਾਣੀ ਜਲੰਧਰ



**ਅੰਮ੍ਰਿਤਪਾਲ ਸਿੰਘ**
ਐਡਵੋਕੇਟ, ਸਬ-ਐਡੀਟਰ ਰੋਜ਼ਾਨਾ ਲੋਕ ਬਾਣੀ



**ਕੁਲਵੰਤ ਰਾਏ**
ਮੈਨੇਜਿੰਗ ਡਾਇਰੈਕਟਰ ਰੋਜ਼ਾਨਾ ਲੋਕ ਬਾਣੀ



**ਵਿਨੈਪਾਲ ਸਿੰਘ**
ਉਪ ਸੰਪਾਦਕ, ਰੋਜ਼ਾਨਾ ਲੋਕ ਬਾਣੀ



**ਪਰਵੇਜ਼ ਸਹੋਤਾ**
ਨੈਸ਼ਨਲ ਹੈਡ ਲੋਕ ਬਾਣੀ



**ਭੁਪਿੰਦਰ ਸਿੰਘ**
ਸਲਾਹਕਾਰ ਰੋਜ਼ਾਨਾ ਲੋਕ ਬਾਣੀ



**ਵਰਿੰਦਰ ਕੁਮਾਰ**
ਵੀਡੀਓ ਵਿਭਾਗ ਇੰਚਾਰਜ ਰੋਜ਼ਾਨਾ ਲੋਕ ਬਾਣੀ



**ਸੁਖਚੈਨ ਮਹਿਰਾ**
ਮਾਲਵਾ ਬਿਊਰੋ ਰੋਜ਼ਾਨਾ ਲੋਕ ਬਾਣੀ



**ਡਾ. ਰਮੇਸ਼ ਕੁਮਾਰ**
ਸਲਾਹਕਾਰ ਰੋਜ਼ਾਨਾ ਲੋਕ ਬਾਣੀ



**ਨਵਨੀਤ ਕੁਮਾਰ**
ਇੰਚਾਰਜ ਪੰਜਾਬ ਰੋਜ਼ਾਨਾ ਲੋਕ ਬਾਣੀ



**ਰਜਿੰਦਰ ਕੁਮਾਰ**
ਸੀਨੀਅਰ ਚੀਫ ਫੋਟੋਗ੍ਰਾਫਰ ਜਲੰਧਰ




ਅਦਾਰਾ 'ਲੋਕ ਬਾਣੀ' ਵਿੱਚ ਛਾਪੀਆਂ ਜਾਂਦੀਆਂ ਖ਼ਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੜਤਾਲ, ਪੁਸ਼ਟੀ ਕਰ ਲੈਣ। -ਸੰਪਾਦਕ

daily lok bani (punjabi) R.N.I. Punpun29016,2018 Editor,Owner,printer,Publisher, Amandeep Mehra Printed at Rachna Printers, Railway Road Jalandhar Place of Publication : 308 Sangam complex Milap Chowk, jalandhar (India), contect NO: 0181-2211009, fax : 2211009, Email Id: lokbani08@gmail.com